# ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਧਾਰਨ ਮੀਟਿੰਗ ਮਿਤੀ 10/09/2019 ਨੂੰ ਸਵੇਰੇ 11:30 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ 68 ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ | 17 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 33 | ਸ੍ਰੀ ਸ਼ਿੰਦਰਪਾਲ ਸਿੰਘ, ਮੈਂਬਰ ਵਾਰਡ ਨੰ.36 |
| 2 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 18 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 34 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 |
| 3 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 19 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 35 | ਸ੍ਰੀ ਰਵਿੰਦਰ ਸਿੰਘ, ਮੈਂਬਰ ਵਾਰਡ ਨੰ.38 |
| 4 | ਸ੍ਰੀ ਨਰਾਇਣ ਸਿੰਘ ਸਿੱਧੂ,ਮੈਂਬਰ ਵਾਰਡ ਨੰ.2 | 20 | ਸ੍ਰੀ ਸਾਹਿਬੀ ਆਨੰਦ, ਮੈਂਬਰ ਵਾਰਡ ਨੰ. 20 | 36 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 |
| 5 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 21 | ਸ੍ਰੀਮਤੀ ਸੁਰਜੀਤ ਕੌਰ ਸੋਢੀ, ਮੈਂਬਰ ਵਾਰਡ ਨੰ:22 | 37 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 |
| 6 | ਸ੍ਰੀ ਭਾਰਤ ਭੂਸ਼ਨ ਮੈਣੀ, ਮੈਂਬਰ ਵਾਰਡ ਨੰ:5 | 22 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 38 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 |
| 7 | ਸ੍ਰੀ ਨਿਛੱਤਰ ਸਿੰਘ, ਮੈਂਬਰ ਵਾਰਡ ਨੰ:6 | 23 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 39 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.42 |
| 8 | ਸ੍ਰੀਮਤੀ ਕੁਲਵੰਤ ਕੌਰ, ਮੈਂਬਰ ਵਾਰਡ ਨੰ.7 | 24 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ.25 | 40 | ਸ੍ਰੀਮਤੀ ਕਮਲਜੀਤ ਕੌਰ, ਮੈਬਰ ਵਾਰਡ ਨੰ:43 |
| 9 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 25 | ਸ੍ਰੀਮਤੀ ਕੁਲਵਿੰਦਰ ਕੌਰ ਰੰਗੀ,ਮੈਂਬਰ ਵਾਰਡ ਨੰ:26 | 41 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 10 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 26 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 42 | ਸ੍ਰੀ ਸੁਰਿੰਦਰ ਸਿੰਘ ਰਾਜਪੂਤ,ਮੈਂਬਰ ਵ.ਨੰ.45 |
| 11 | ਸ੍ਰੀਮਤੀ ਕੁਲਦੀਪ ਕੋਰ ਕੰਗ, ਮੈਂਬਰ ਵ.ਨੰ.10 | 27 | ਸ੍ਰੀ ਹਰਦੀਪ ਸਿੰਘ ਸਰਾਓ, ਮੈਂਬਰ ਵਾਰਡ ਨੰ:28 | 43 | ਸ੍ਰੀਮਤੀ ਰਾਜਿੰਦਰ ਕੌਰ, ਮੈਂਬਰ ਵਾਰਡ ਨੰ.46 |
| 12 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 28 | ਸ੍ਰੀਮਤੀ ਓਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 44 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 13 | ਸ੍ਰੀ ਰਾਜਿੰਦਰ ਸਿੰਘ ਰਾਣਾ, ਮੈਂਬਰ ਵਾਰਡ ਨੰ:12 | 29 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | 45 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ:48 |
| 14 | ਸ੍ਰੀਮਤੀ ਜਸਪ੍ਰੀਤ ਕੌਰ,ਮੈਂਬਰ ਵਾਰਡ ਨੰ. 13 | 30 | ਸ੍ਰੀਮਤੀ ਰਾਜ ਰਾਣੀ, ਮੈਂਬਰ ਵਾਰਡ ਨੰ.31 | 46 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 15 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 31 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ.33 | | |
| 16 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 32 | ਸ੍ਰੀਮਤੀ ਰਜ਼ਨੀ ਗੋਇਲ, ਮੈਂਬਰ ਵਾਰਡ ਨੰ. 34 | | |

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪਿਛਲੇ ਦਿਨੀ ਸ੍ਰੀ ਅਰੁਣ ਜੇਤਲੀ,ਸਾਬਕਾ ਵਿੱਤ ਮੰਤਰੀ,ਭਾਰਤ ਸਰਕਾਰ ਜੀ ਦੇ ਦਿਹਾਂਤ ਹੋਣ, ਪੰਜਾਬ ਵਿੱਚ ਹੜ੍ਹਾ ਦੌਰਾਨ ਅਤੇ ਬਟਾਲਾ ਵਿਖੇ ਪਟਾਕਾ ਫੈਕਟਰੀ ਵਿੱਚ ਲੱਗੀ ਅੱਗ ਦੌਰਾਨ ਮਰੇ ਵਿਅਕਤੀਆ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਉਹ ਵਿਛੜੀਆ ਰੂਹਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ੇ ਅਤੇ ਉਹਨਾਂ ਦੇ ਪ੍ਰੀਵਾਰਾ ਨੂੰ ਭਾਣਾ ਮੰਨਣ ਦਾ ਬੱਲ ਦੇਵੇ।

<table>
<tr><th>Sr. No.</th><th>Resolution No.</th><th>Date of Meeting</th><th>Resolution Description</th><th>Orders of Competent Authority<br>ਪ੍ਰਵਾਨਗੀ ਜਨਰਲ ਹਾਊਸ</th></tr>
<tr><td>1</td><td>539</td><td>10.09.19</td><td>ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 05/08/2019 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ।</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>2</td><td>540</td><td>10.09.19</td><td><u>ਨਗਰ ਨਿਗਮ ਦੀ ਗਊਸ਼ਾਲਾ ਨਵੇਂ ਸਿਰੇ ਤੋਂ ਅਲਾਟ ਕਰਨ ਲਈ ਈ.ਓ.ਆਈ.ਨੰਬਰ 1729 ਮਿਤੀ 30-07-2019 ਰਾਹੀਂ ਮੰਗੇ ਪ੍ਰੋਪੋਸਲਾਂ ਸਬੰਧੀ।</u><br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ ਵਲੋਂ ਇੰਡ: ਏਰੀਆ, ਫੇਜ-1, ਮੋਹਾਲੀ ਵਿਖੇ ਸਥਿਤ ਗਊਸ਼ਾਲਾ ਦੀ ਦੇਖਭਾਲ ਦਾ ਕੰਮ ਨਵੇਂ ਸਿਰੇ ਤੋਂ ਅਲਾਟ ਕਰਨ ਵਾਸਤੇ ਈ.ਓ.ਆਈ. ਨੋਟਿਸ ਨੰ: 1729 ਮਿਤੀ 30-07-2019 ਰਾਹੀਂ ਇਸ ਕੰਮ ਵਿੱਚ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਤੋਂ ਪ੍ਰੋਪੋਸਲ ਮੰਗੇ ਗਏ ਸਨ। ਇਸ ਕੰਮ ਸਬੰਧੀ ਪ੍ਰਾਪਤ ਹੋਣ ਵਾਲੇ ਪ੍ਰੋਪੋਸਲਾਂ ਨੂੰ ਖੋਲਣ ਅਤੇ ਉਨ੍ਹਾਂ ਦੀ ਤੁਲਨਾਤਮਕ ਰਿਪੋਰਟ ਤਿਆਰ ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 03-08-2019 ਨੂੰ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਗਠਿਤ ਕੀਤੀ ਗਈ ਸੀ:-<br>1) ਸ੍ਰੀ ਨਰਿੰਦਰ ਸਿੰਘ ਦਾਲਮ, ਨਿਗਮ ਇੰਜੀਨੀਅਰ<br>2) ਸ੍ਰੀ ਭੀਮ ਸੈਨ, ਸੁਪਰਡੰਟ<br>3) ਸ੍ਰੀ ਸਰਬਜੀਤ ਸਿੰਘ, ਸੀ.ਐਸ.ਆਈ.<br>ਪ੍ਰੋਪੋਸਲ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 06-08-2019 ਤੱਕ 3 ਪਾਰਟੀਆਂ ਦੇ ਪ੍ਰੋਪੋਸਲ ਪ੍ਰਾਪਤ ਹੋਏ ਹਨ।ਉਕਤ ਗਠਿਤ ਕਮੇਟੀ ਵੱਲੋਂ ਪ੍ਰਾਪਤ 3 ਪਾਰਟੀਆਂ ਦੇ ਪ੍ਰੋਪੋਸਲ ਮਿਤੀ 08-08-2019 ਨੂੰ ਖੋਲੇ ਗਏ, ਇਨ੍ਹਾਂ ਪ੍ਰਾਪਤ ਪ੍ਰੋਪੋਸਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br><table><tr><th>ਲੜੀ ਨੰ:</th><th>ਫਰਮ/ਸੰਸਥਾ ਦਾ ਨਾਮ</th><th>ਦਿੱਤੇ ਪ੍ਰੋਪੋਸਲ ਦਾ ਵੇਰਵਾ</th></tr><tr><td>1)</td><td>ਸ੍ਰੀ ਅਮਿਤ ਗੁਪਤਾ, ਮਾਰਫਤ ਕਾਓ ਹੋਮਸ ਐਂਡ ਸ਼ੈਲਟਰਜ, ਮਕਾਨ ਨੰ: 342ਬੀ, ਸੈਕਟਰ-4, ਮੈਰੀ ਗੋਲਡ ਰੋਡ, ਨੇਵੇ ਗਿਲਕੋ</td><td>ਇਸ ਪਾਰਟੀ ਵੱਲੋਂ 1.00 ਲੱਖ ਰੁਪਏ ਬਿਆਨਾ ਰਕਮ ਜਮਾਂ ਕਰਵਾਈ ਗਈ ਹੈ ਅਤੇ ਲਿਖਿਆ ਗਿਆ ਹੈ ਕਿ ਉਹ ਗਊਸ਼ਾਲਾ ਨੂੰ ਚਲਾਉਣ ਅਤੇ ਇਸ ਦੀ ਦੇਖ-ਭਾਲ ਕਰਨ ਵਿੱਚ ਦਿਲਚਸਪੀ ਰੱਖਦੇ ਹਨ ਅਤੇ 5.00 ਲੱਖ ਰੁਪਏ ਦੀ</td></tr></table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।ਇਸ ਕੰਮ ਵਿੱਚ ਪ੍ਰਾਦਰਸਤਾ ਲਿਆਉਣ ਲਈ ਹੇਠ ਲਿਖੀ ਕਮੇਟੀ ਦਾ ਗਠਿਨ ਕੀਤਾ ਜਾਂਦਾ ਹੈ। ਇਹ ਕਮੇਟੀ ਗਊਸ਼ਾਲਾ ਵਿੱਚ ਕਿੰਨੇ ਪਸ਼ੂ ਮੌਜੂਦ ਹਨ,ਕਿੰਨੇ ਛੱਡੇ ਜਾਂਦੇ ਹਨ, ਕਿੰਨੇ ਮਰ ਜਾਦੇ ਹਨ ਅਤੇ ਕਿੰਨੀ ਆਮਦਨ ਹੁੰਦੀ ਹੈ, ਦੇ ਕੰਮਾਂ ਦੀ ਨਜ਼ਰਸ਼ਾਨੀ ਕਰੇਗੀ ।<br>1) ਸ੍ਰੀ ਅਰੁਣ ਸ਼ਰਮਾ, ਮੈਂਬਰ<br>2) ਸ੍ਰੀ ਭਾਰਤ ਭੂਸ਼ਣ ਮੈਣੀ, ਮੈਂਬਰ<br>3) ਸ੍ਰੀ ਰਵਿੰਦਰ ਸਿੰਘ, ਮੈਂਬਰ</td></tr>
</table>

| | | |
|---|---|---|
| | ਵੈਲੀ ਖਰੜ।<br>ਫੋਨ ਨੰ: 8288086709 | ਬੈਂਕ ਗਰੰਟੀ ਵੀ ਜਮ੍ਹਾਂ ਕਰਵਾਉਣ ਨੂੰ ਤਿਆਰ ਹਨ। |
| 2) | ਸ੍ਰੀ ਅਭੈ ਜਿੰਦਲ, ਮਾਰਫਤ ਹਮਾਰਾ ਹੋਮਲੈਂਡ, ਮਕਾਨ ਨੰਬਰ 207,ਬਲਾਕ ਏ-3,ਸੈਕਟਰ-13, ਪ੍ਰਿੰਟਰ ਅਪਾਰਟਮੈਂਟ, ਰੋਹਿਨੀ, ਦਿੱਲੀ। | ਇਸ ਪਾਰਟੀ ਵੱਲੋਂ 1.00 ਲੱਖ ਰੁਪਏ ਬਿਆਨਾ ਰਕਮ ਜਮਾਂ ਕਰਵਾਈ ਗਈ ਹੈ ਅਤੇ ਲਿਖਿਆ ਗਿਆ ਹੈ ਕਿ ਉਹ ਗਊਸ਼ਾਲਾ ਨੂੰ ਚਲਾਉਣ ਅਤੇ ਇਸ ਦੀ ਦੇਖ-ਭਾਲ ਕਰਨ ਵਿੱਚ ਦਿਲਚਸਪੀ ਰੱਖਦੇ ਹਨ ਅਤੇ 5.00 ਲੱਖ ਰੁਪਏ ਦੀ ਬੈਂਕ ਗਰੰਟੀ ਵੀ ਜਮ੍ਹਾਂ ਕਰਵਾਉਣ ਨੂੰ ਤਿਆਰ ਹਨ। ਇਸ ਤੋਂ ਇਲਾਵਾ ਇਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਉਨਾਂ ਦੀ ਸੰਸਥਾ ਦਾ ਮਿਸ਼ਨ ਗਊ ਮਾਤਾ ਅਤੇ ਬੱਛੇ-ਬੱਛੀਆਂ ਦੀ ਪੂਜਾ ਨੂੰ ਉਤਸਾਹਿਤ ਕਰਨਾ, ਗਊਸ਼ਾਲਾ ਵਿੱਚ ਰੱਖੀਆਂ ਗਾਵਾਂ ਨੂੰ ਆਰਾਮਦਾਇਕ ਸੁਵਿਧਾਵਾ ਦੇਣਾ ਅਤੇ ਗਊ ਦੀ ਰੱਖਿਆ ਲਈ ਕੰਮ ਕਰਨਾ, ਗਊਆਂ ਦੀ ਰੱਖਿਆ ਲਈ ਕੰਮ ਕਰਨਾ, ਗਊ ਨੂੰ ਅਤਿਆਚਾਰ ਤੋ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਆਦਿ ਹੈ।ਇਸ ਤੋਂ ਇਲਾਵਾ ਇਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਉਹ ਸਬੰਧਤ ਈ.ਓ.ਆਈ. ਦੀ ਸ਼ਰਤਾਂ ਅਨੁਸਾਰ ਜਿਸ ਵਿੱਚ ਪ੍ਰਤੀ ਦਿਨ ਪ੍ਰਤੀ ਗਊ 13 ਰੁਪਏ ਦਾ ਡਾਇਟ ਮਨੀ ਜੋ ਨਗਰ ਨਿਗਮ ਵੱਲੋਂ ਦਿੱਤਾ ਜਾਵੇਗਾ ਵੀ ਸ਼ਮਿਲ ਹੈ, ਗਊਸ਼ਾਲਾ ਦੀ ਦੇਖਭਾਲ ਕਰਨ ਲਈ ਤਿਆਰ ਹਨ।ਆਪਣੀ ਸੰਸਥਾਂ ਬਾਰੇ ਇਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੀ ਸੰਸਥਾ ਉਤਰੀ ਭਾਰਤ ਦੀ ਇੱਕ ਮੁੱਖ ਸੰਸਥਾ ਹੈ, ਜਿਸਦਾ ਹੈਡ ਆਫਿਸ ਨਵੀਂ ਦਿੱਲੀ ਵਿਖੇ ਹੈ ਅਤੇ ਕੰਪਨੀ ਦਾ ਟਰਨਓਵਰ 40 ਕਰੋੜ U.S.D ਹੈ। |
| 3) | ਸ੍ਰੀ ਸੰਜੀਵ ਗਰਗ, ਮਾਰਫਤ ਗਰਗ ਹੋਲੀ ਕਾਓਜ, ਮਕਾਨ ਨੰ: 3126, ਸੈਕਟਰ-71, ਮੋਹਾਲੀ, ਮੋਬਾਇਲ ਨੰ: 82880-86703 | ਇਸ ਪਾਰਟੀ ਵੱਲੋਂ 1.00 ਲੱਖ ਰੁਪਏ ਬਿਆਨਾ ਰਕਮ ਜਮ੍ਹਾਂ ਕਰਵਾਈ ਗਈ ਹੈ ਅਤੇ ਲਿਖਿਆ ਗਿਆ ਹੈ ਕਿ ਉਹ ਗਊਸ਼ਾਲਾ ਨੂੰ ਚਲਾਉਣ ਅਤੇ ਇਸ ਦੀ ਦੇਖ-ਭਾਲ ਕਰਨ ਵਿੱਚ ਦਿਲਚਸਪੀ ਰੱਖਦੇ ਹਨ। |

ਪ੍ਰਾਪਤ ਹੋਏ ਉਕਤ ਪ੍ਰਪੋਸਲਾਂ ਵਿੱਚੋਂ ਸਭ ਤੋ ਵਧੀਆਂ ਪ੍ਰਪੋਸਲ ਲੜੀ ਨੰ: 2 ਤੇ ਦਰਸਾਈ ਫ਼ਰਮ/ਸੰਸਥਾ ਸ੍ਰੀ ਅਭੈ ਜਿੰਦਲ, ਮਾਰਫਤ ਹਮਾਰਾ ਹੋਮਲੈਂਡ, ਮਕਾਨ ਨੰ: 207, ਬਲਾਕ ਏ-3, ਸੈਕਟਰ-13, ਪ੍ਰਿੰਟਰ ਅਪਾਰਟਮੈਂਟ, ਰੋਹਿਨੀ, ਦਿੱਲੀ ਦੀ ਜਾਪਦੀ ਹੈ ਕਿਉਂਕਿ ਇਸ ਕੰਪਨੀ ਵੱਲੋਂ ਆਪਣੀ ਤਜਵੀਜ ਵਿੱਚ ਕੰਪਨੀ ਦਾ ਪ੍ਰੋਫਾਇਲ ਦਿੱਤਾ ਗਿਆ ਹੈ, ਗਊਸ਼ਾਲਾ ਦੀ ਦੇਖਭਾਲ ਕਰਨ ਦਾ ਮਕੱਸਦ ਦਰਸਾਇਆ ਗਿਆ ਹੈ, ਸਪੱਸ਼ਟ ਕੀਤਾ ਹੈ ਕਿ ਉਹ ਪ੍ਰਤੀ ਗਊ ਪ੍ਰਤੀ ਦਿਨ 13 ਰੁਪਏ ਡਾਇਟ ਮਨੀ ਦੇ ਹਿਸਾਬ ਨਾਲ ਗਊਸ਼ਾਲਾ ਨੂੰ ਚਲਾਉਣ ਲਈ ਤਿਆਰ ਹਨ। ਜਦੋਂ ਕਿ ਬਾਕੀ ਦੋ ਪ੍ਰਪੋਸਲਾਂ

<table>
<tr><td></td><td></td><td></td><td>ਕੰਪਰੀਹੈਨਸਿਵ ਨਹੀਂ ਹਨ। ਇਸ ਲਈ ਲੜੀ ਨੰ: 2 ਤੇ ਦਰਸਾਈ ਫਰਮ/ ਸੰਸਥਾ ਵੱਲੋਂ ਪੇਸ਼ ਕੀਤੀ ਪ੍ਰਪੋਜਲ ਵਧੀਆ ਹੋਣ ਦੇ ਨਾਤੇ ਇਸ ਨੂੰ ਸਵੀਕਾਰ ਕਰਨ ਤੇ ਵਿਚਾਰ ਕੀਤਾ ਜਾ ਸਕਦਾ ਹੈ।<br>ਨਗਰ ਨਿਗਮ ਦੀ ਗਊਸ਼ਾਲਾ ਦੀ ਨਵੇਂ ਸਿਰੇ ਤੋਂ ਅਲਾਟਮੈਂਟ ਕਰਨ ਲਈ ਕਾਲ ਕੀਤੇ ਈ.ਓ.ਆਈ. ਸਬੰਧੀ ਪ੍ਰਾਪਤ ਪੇਸ਼ਕਸ਼ਾਂ ਨੂੰ ਸਬੰਧਤ ਕਮੇਟੀ (ਕਮਿਸ਼ਨਰ, ਨਗਰ ਨਿਗਮ ਜੀ, ਸ੍ਰੀ ਨਰਿੰਦਰ ਸਿੰਘ ਦਾਲਮ ਨਿਗਮ ਇੰਜੀਨੀਅਰ, ਸ੍ਰੀ ਭੀਮ ਸੈਨ ਸੁਪਰਡੰਟ ਅਤੇ ਸ੍ਰੀ ਸਰਬਜੀਤ ਸਿੰਘ, ਸੀ.ਐਸ.ਆਈ. ਦੀ ਗਠਿਤ ਕਮੇਟੀ) ਵੱਲੋਂ ਖੋਲਣ ਉਪਰੰਤ ਉਕਤ ਅਨੁਸਾਰ ਕੀਤੀ ਗਈ ਰਿਪੋਰਟ ਮੁਤਾਬਿਕ ਗਊਸ਼ਾਲਾ ਦੀ ਅਲਾਟਮੈਂਟ ਸ੍ਰੀ ਅਭੈ ਜਿੰਦਲ, ਮਾਰਫਤ ਹਮਾਰਾ ਹੋਮਲੈਂਡ, ਮਕਾਨ ਨੰ: 207, ਬਲਾਕ ਏ-3, ਸੈਕਟਰ-13, ਪ੍ਰਿੰਟਰ ਅਪਾਰਟਮੈਂਟ, ਰੋਹਿਨੀ, ਦਿੱਲੀ ਕਰਨਾ ਉਚਿਤ ਹੋਵੇਗਾ, ਜਿਸ ਦੀ ਪ੍ਰਵਾਨਗੀ ਅਤੇ ਈ.ਓ.ਆਈ.ਅਨੁਸਾਰ ਅਲਾਟੀ ਨੂੰ ਅਦਾ ਕੀਤੀ ਜਾਣ ਵਾਲੀ ਰਕਮ 13/-ਰੁਪਏ ਪ੍ਰਤੀ ਗਊ ਪ੍ਰਤੀ ਦਿਨ ਦੇ ਹਿਸਾਬ ਨਾਲ ਖ਼ਰਚੇ ਦੀ ਪ੍ਰਵਾਨਗੀ ਨਗਰ ਨਿਗਮ ਦੇ ਹਾਊਸ ਤੋ ਲੈਣੀ ਜਰੂਰੀ ਹੈ, ਪ੍ਰੰਤੂ ਕਿਉਂ ਜੋ ਗਊਸ਼ਾਲਾ ਦੀ ਨਵੇਂ ਸਿਰੇ ਤੋ ਅਲਾਟਮੈਂਟ ਤੁਰੰਤ ਕਰਨੀ ਜਰੂਰੀ ਹੈ।ਇਸ ਲਈ ਇਹ ਤਜਵੀਜ ਨਗਰ ਨਿਗਮ ਦੇ ਹਾਊਸ ਵੱਲੋਂ ਪ੍ਰਵਾਨਗੀ ਦੇਣ ਦੀ ਆਸ ਵਿੱਚ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 14.08.2019 ਨੂੰ ਪ੍ਰਵਾਨਗੀ ਲਈ ਮੇਅਰ, ਨਗਰ ਨਿਗਮ ਜੀ ਨੂੰ ਭੇਜੀ ਗਈ, ਜਿਨ੍ਹਾਂ ਵੱਲੋਂ ਇਸ ਦੀ ਪ੍ਰਵਾਨਗੀ ਮਿਤੀ 16.08.2019 ਨੂੰ ਦਿੱਤੀ ਗਈ ਹੈ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td><td></td></tr>
<tr><td>3</td><td>541</td><td>10.09.19</td><td>DPR ਅਤੇ DNIT for Augmentation and Rehabilitation of Sewerage System at S.A.S. Nagar, Mohali under AMRUT ਦੀ ਪ੍ਰਵਾਨਗੀ ਸੰਬਧੀ।<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ,ਐਸ.ਏ.ਐਸ.ਨਗਰ ਵੱਲੋਂ ਆਪਣੇ ਮਤਾ ਨੰ.64 ਮਿਤੀ 18/09/15 ਰਾਂਹੀ ਸ਼ਹਿਰ ਦੀਆਂ ਸੀਵਰ ਅਤੇ ਸਟਾਰਮ ਲਾਈਨਾਂ ਦੀ ਰੀਹੈਬਲੀਟੇਸ਼ਨ ਸਬੰਧੀ ਮਤਾ ਪ੍ਰਵਾਨ ਕੀਤਾ ਗਿਆ ਸੀ।ਜਿਸ ਦੀ ਚਲਤ ਵਿੱਚ ਨਗਰ ਨਿਗਮ ਐਸ.ਏ.ਐਸ.ਨਗਰ ਦੇ ਸੀਵਰੇਜ਼ ਸਿਸਟਮ ਦੀ Augmentation and Rehabilitation ਸਬੰਧੀ ਡਿਟੇਲ ਪ੍ਰੋਜੈਕਟ ਰਿਪੋਰਟ State High Power Steering Committee ਵੱਲੋਂ 2190.75 ਲੱਖ ਦੀ ਪ੍ਰਵਾਨ ਕੀਤੀ ਗਈ ਸੀ।ਜਿਸ ਦੇ ਤਹਿਤ ਲੱਗਭੱਗ 9 ਕਿਲੋਮੀਟਰ ਮੇਨ ਆਊਟਫਾਲ ਸੀਵਰ ਲਾਈਨ ਨਵੀਂ ਪਾਈ ਜਾਣੀ ਹੈ। ਜਿਸ ਤੇ ਆਉਣ ਵਾਲੇ ਖਰਚੇ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br>
<table>
<tr><th>Sr. No.</th><th>Activity</th><th>Amount</th></tr>
<tr><td>1.</td><td>Laying of RCC NP3 Pipe Sewer (HDPE Lined, UPVC Pipe Sewers Construction of Manholes and Dismantling of Roads.</td><td>1358.72</td></tr>
<tr><td>2.</td><td>Restoration of Road</td><td>679.75</td></tr>
<tr><td>3.</td><td>Operation and Maintenance of the System for 5 years ( to borne be ULB)</td><td>67.94</td></tr>
<tr><td>4.</td><td>Crossing of N.Choe and shifting of utilities for the work</td><td>54.35</td></tr>
<tr><td>5.</td><td>Construction of Siphon for crossing strom sewers</td><td>30.00</td></tr>
</table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | |
|---|---|
| **Total** | 2190.76 |

ਉਪਰੋਕਤ ਕੰਮ ਦੀ PDMC-AMRUT (Shah Technical Consultants Pvt. Ltd.) ਵੱਲੋਂ ਪੱਤਰ ਨੰ: STC/PB/PDMC/2019/1666 ਮਿਤੀ 02-08-2019 ਰਾਹੀਂ **Replacement of Damaged main sewer ਦੀ 1380.26 ਲੱਖ ਰੁਪੈ ਦੀ DNIT** ਇਸ ਦਫਤਰ ਨੂੰ ਪ੍ਰਵਾਨਗੀ ਹਿੱਤ ਭੇਜੀ ਗਈ ਹੈ।

PDMC-AMRUT (Shah Technical Consultants Pvt. Ltd.) ਵੱਲੋਂ ਪੱਤਰ ਨੰ: STC/PB/ PDMC/2019/1700 ਮਿਤੀ 16-08-2019 ਰਾਹੀਂ ਇਸ ਦਫਤਰ ਨੂੰ ਲਿਖਿਆ ਗਿਆ ਹੈ ਕਿ:-

"Against this DPR, DNIT amounting to Rs. 1380.26 lakh has been prepared and submitted to your office on 2nd August, 2019 for concurrence. Following items for which provision was made in the DPR are not included in the scope of work of DNIT.

| Sr. No. | Item | Amount |
|---|---|---|
| 1. | Restoration of Road | 679.75 |
| 2. | Crossing of N.Choe | 54.35 |
| **Total** | | 734.10 |

Amount available for the scope of work covered in DNIT is Rs. 1388.72 lakh. Against this the DNIT amount is 1380.26 lakh. The minor difference is on account of detailing done in the DNIT whereas provisions in the DPR for some items like Strom Water Crossing Choke Crossing etc. were on lump-sum basis. The work for restoration of road is proposed to be carried out by Municipal Corporation, SAS Nagar, Mohali, out of the funds available in the DPR under AMRUT Scheme.

It is intimated that next meeting of Technical Sub-Committee (TSC) is scheduled to be held on 19.08.2019".

ਵਿਸ਼ੇ ਅਧੀਨ DPR ਅਤੇ DNIT ਪ੍ਰਵਾਨਗੀ ਹਿੱਤ ਨਗਰ ਨਿਗਮ ਦੇ ਹਾਊਸ ਵਿੱਚ ਭੇਜੀ ਜਾਣੀ ਹੈ ਪ੍ਰੰਤੂ PDMC-AMRUT (Shah Technical Consultants Pvt. Ltd.) ਵੱਲੋਂ ਪੱਤਰ ਨੰ: STC/PB/ PDMC/2019/1700 ਮਿਤੀ 16-08-2019 ਰਾਹੀਂ ਲਿਖਿਆ ਗਿਆ ਹੈ ਕਿ Technical Sub-Committee Under AMRUT Mission ਦੀ ਮੀਟਿੰਗ ਮਿਤੀ 19-08-2019 ਨੂੰ ਨਿਸਚਤ ਹੋਈ ਹੈ।ਵਿਸ਼ੇ ਅਧੀਨ DNIT ਇਸ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਰੱਖੀ ਜਾਣੀ ਹੈ।ਇਸ ਲਈ ਇਹ DPR ਅਤੇ DNIT ਹਾਊਸ ਤੋਂ ਪ੍ਰਵਾਨ ਹੋਣ ਦੀ ਆਸ ਵਿੱਚ ਮਾਨਯੋਗ ਮੇਅਰ ਨਗਰ ਨਿਗਮ ਜੀ ਤੋਂ ਮਿਤੀ 16.08.2019 ਨੂੰ ਪ੍ਰਵਾਨਗੀ ਲਈ ਗਈ ਸੀ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਇਸ ਉਪਰੰਤ ਪੱਤਰ ਨੰ: 2116 ਮਿਤੀ 16.08.2019 ਰਾਹੀਂ Team leader PDMC-AMRUT ਜੀ ਨੂੰ Technical Sub-Committee Under AMRUT Mission ਦੀ ਮੀਟਿੰਗ ਮਿਤੀ 19-08-2019 ਵਿੱਚ ਪ੍ਰਵਾਨਗੀ ਹਿੱਤ ਰੱਖਣ ਲਈ ਭੇਜੀ ਗਈ ਸੀ। Technical Sub-Committee Under AMRUT Mission ਦੀ ਮੀਟਿੰਗ ਮਿਤੀ 19-08-2019 ਨੂੰ Engineer-in-chief, PWSSB ਜੀ ਦੀ ਚੇਅਰਮੈਨਸ਼ਿਪ ਹੇਠ ਹੋਈ ਸੀ।ਜਿਸ ਵਿੱਚ Technical Sub-Committee ਵੱਲੋਂ ਵਿਸ਼ੇ ਅਧੀਨ DNIT ਦੀ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਗਈ ਹੈ:-

48.2 Approval of DNIT for Augmentation & Rehabilitation of Main Sewer at SAS Nagar District Mohali (Under AMRUT) DNIT cost 1380.26 lakh

- DNIT for Augmentation & Rehabilitation of Main Sewer amounting to Rs. 1380.26 Lakh has been prepared.

The scope of proposed DNIT is as under

| Sr. No. | Description | Quantity |
|---|---|---|
| 1 | Main Sewer (RCC NP-3 pipe) | 8388 Mtr |
| 2 | Branch Sewer (uPVS-SN-8 pipe) | 140 Mtr |

- Time limit for completion of work is 9 months
- Corporation Engineer, Municipal Corporation, SAS Nagar has conveyed concurrence to DNIT vide letter no. 2116 dated 16.08.2019
- Scope of work and Cost abstract was explained
- Matter regarding de-watering & lowering of perched sub soil water was discussed and following decision was taken charge. The work would be done & paid as per approval of committee represented by PDMC, and Engineer in charge

  **After detailed deliberation Technical Sub Committee (TSC) approved the DNIT for Rs. 1380.26 lakh**

The total cost of project is 2190.76 lacs. Bifurcation of the DPR is as follows:-

| Sr. No. | Activity | Amount |
|---|---|---|
| 1. | Laying of RCC NP3 Pipe Sewer (HDPE Lined, UPVC Pipe Sewers Construction of Manholes and Dismantling of Roads. | 1358.72 |
| 2. | Restoration of Road | 679.75 |
| 3. | Operation and Maintenance of the System for 5 years ( to borne be ULB) | 67.94 |
| 4. | Crossing of N.Choe and shifting of utilities for the work | 54.35 |
| 5. | Construction of Siphon for crossing storm sewers | 30.00 |
| **Total** | | 2190.76 |

In the above cost of DPR the cost of Operation and Maintenance of the System for 5 years will be borne be ULB. The total cost eligible for AMRUT project is 2122.82 lac. As per AMRUT

<table>
<tr><td></td><td></td><td></td><td>guidelines financial sharing pattern is as follows:-<br><table><tr><th>Sr. No.</th><th>Description</th><th>Share (In percentage)</th><th>Amount (in Lacs)</th></tr><tr><td>1</td><td>Share of Government of India</td><td>50%</td><td>1061.41</td></tr><tr><td>2</td><td>Share of State Government</td><td>30%</td><td>636.85</td></tr><tr><td>3.</td><td>Share of ULB</td><td>20%</td><td>424.56</td></tr><tr><td></td><td>Total</td><td>100%</td><td>2122.82</td></tr></table><br>As per the above chart Municipal Corporation share is 424.56 lacs. Cost of Operation and Maintenance of the System for 5 years i.e Rs.67.94 lacs will be borne be ULB.<br>ਉਕਤ ਅਨੁਸਾਰ ਵਿਸ਼ੇ ਅਧੀਨ DPR ਅਤੇ DNIT ਕਮਿਸ਼ਨਰ, ਨਗਰ ਨਿਗਮ ਜੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td><td></td></tr>
<tr><td>4</td><td>542</td><td>10.09.19</td><td><u>ਹੱਡਾ ਰੋਡੀ ਦਾ ਠੇਕਾ ਰੱਦ ਕਰਨ, ਬਿਆਨਾ ਰਕਮ ਜ਼ਬਤ ਕਰਨ ਅਤੇ ਸਬੰਧਤ ਠੇਕੇਦਾਰ ਨੂੰ ਡਿਫਾਲਟਰ ਘੋਸ਼ਿਤ ਕਰਨ ਅਤੇ ਹੱਡਾ ਰੋਡੀ ਦੇ ਕੰਮ ਨੂੰ ਠੇਕੇ ਤੇ ਦੇਣ ਸਬੰਧੀ।</u><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਹੱਡਾ ਰੋਡੀ ਦਾ ਠੇਕਾ ਸ੍ਰੀ ਮੱਲੀ ਪੁੱਤਰ ਦੀਨਾ ਦਾਸ, ਵਾਸੀ ਮਕਾਨ ਨੰ.421, ਮੁੰਡੀ ਖਰੜ ਨਾਲ ਮਿਤੀ 3/12/2018 ਨੂੰ ਇਕਰਾਰਨਾਮਾ ਕਰਕੇ ਇੱਕ ਸਾਲ ਲਈ ਦਿੱਤਾ ਹੋਇਆ ਸੀ, ਪਰੰਤੂ ਹੁਣ ਇਸ ਠੇਕੇਦਾਰ ਵੱਲੋਂ ਸ਼ਹਿਰ ਵਿੱਚ ਅਤੇ ਗਊਸ਼ਾਲਾ ਵਿਚੋਂ ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਨਹੀ ਕੀਤਾ ਜਾ ਰਿਹਾ। ਜਿਸ ਕਾਰਨ ਬਦਬੂ ਆਉਂਦੀ ਹੈ ਅਤੇ ਬਿਮਾਰੀ ਫੈਲਣ ਦਾ ਵੀ ਡਰ ਬਣਿਆ ਰਹਿੰਦਾ ਹੈ। ਠੇਕੇਦਾਰ ਵੱਲੋਂ ਨਗਰ ਨਿਗਮ ਨਾਲ ਕੀਤੇ ਇਕਰਾਰਨਾਮੇ ਸ਼ਰਤਾਂ ਪੂਰੀਆ ਨਹੀ ਕੀਤੀਆ ਜਾ ਰਹੀਆ।ਇਸ ਲਈ ਉਕਤ ਠੇਕੇਦਾਰ ਦਾ ਠੇਕਾ ਰੱਦ ਕਰਨ,ਬਿਆਨਾ ਰਕਮ ਜ਼ਬਤ ਕਰਨ ਅਤੇ ਡਿਫਾਲਟਰ ਘੋਸ਼ਿਤ ਕਰਨਾ ਅਤੇ ਹੱਡਾ ਰੋਡੀ ਦਾ ਠੇਕਾ ਦੁਬਾਰਾ ਨਵੇਂ ਸਿਰੇ ਤੋਂ ਦੇਣ ਲਈ ਆਮ ਪਬਲਿਕ/ਐਨ.ਜੀ.ਓ./ਸੰਸਥਾ ਤੋਂ ਨਿਰਧਾਰਤ ਸ਼ਰਤਾ ਤੇ ਦਿਲਚਸਪੀ ਦੇ ਪ੍ਰਗਟਾਵੇ ਸਬੰਧੀ ਕਾਲ ਕਰਨ ਲਈ ਕੇਸ ਨਗਰ ਨਿਗਮ ਦੇ ਹਾਊਸ ਵੱਲੋਂ ਪ੍ਰਵਾਨਗੀ ਦੇਣ ਦੀ ਆਸ ਵਿੱਚ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 4.09.2019 ਨੂੰ ਪ੍ਰਵਾਨਗੀ ਲਈ ਮੇਅਰ, ਨਗਰ ਨਿਗਮ ਜੀ ਨੂੰ ਭੇਜਿਆ ਗਿਆ, ਜਿਨ੍ਹਾਂ ਵੱਲੋਂ ਇਸ ਦੀ ਪ੍ਰਵਾਨਗੀ ਮਿਤੀ 04.09.2019 ਨੂੰ ਦਿੱਤੀ ਗਈ ਹੈ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>5</td><td>543</td><td>10.09.19</td><td><u>ਅਵਾਰਾ/ਪਾਲਤੂ ਪਸ਼ੂਆਂ ਨੂੰ ਛੱਡਣ ਸਬੰਧੀ ਜੁਰਮਾਨੇ ਦੀ ਰਕਮ ਘਟਾਉਣ ਬਾਰੇ।</u><br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਅਵਾਰਾ/ਪਾਲਤੂ ਪਸ਼ੂਆਂ ਨੂੰ ਛੱਡਣ ਸਬੰਧੀ ਨਗਰ ਨਿਗਮ ਵੱਲੋ ਪਹਿਲਾਂ 5000/- ਰੁਪਏ ਜੁਰਮਾਨਾ ਲਿਆ ਜਾਂਦਾ ਸੀ।ਪਰ ਨਗਰ ਨਿਗਮ ਵੱਲੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਤੇ ਕਾਬੂ ਕਰਨ ਅਤੇ ਪਸ਼ੂ ਮਾਲਕਾਂ ਉੱਪਰ ਪਸ਼ੂਆਂ ਨੂੰ ਨਾ ਛੱਡਣ ਸਬੰਧੀ ਸਖਤੀ ਕਰਨ ਲਈ ਜ਼ੁਰਮਾਨੇ ਦੀ ਰਕਮ ਨਗਰ ਨਿਗਮ ਦੇ ਮਤਾ ਨੰ. 469 ਮਿਤੀ 01-02-2019 ਰਾਹੀਂ 20,000/- ਰੁਪਏ ਪ੍ਰਤੀ ਪਸ਼ੂ ਕਰ ਦਿੱਤੀ ਗਈ ਸੀ ਤਾਂ ਕਿ ਪਸ਼ੂ ਮਾਲਕ</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਆਪਣੇ ਪਸ਼ੂਆਂ ਨੂੰ ਰੋਡ ਤੇ ਨਾ ਛੱਡਣ। ਜੁਰਮਾਨੇ ਦੀ ਰਕਮ 20,000/- ਰੁਪਏ ਲਾਗੂ ਹੋਣ ਦੀ ਮਿਤੀ 20/2/19 ਤੋਂ ਹੁਣ ਤੱਕ ਲੱਗਭੱਗ 332 ਪਸ਼ੂ ਫੜੇ ਜਾ ਚੁੱਕੇ ਹਨ, ਪ੍ਰੰਤੂ ਕੋਈ ਵੀ ਪੁਸ਼ੂ ਮਾਲਕ ਇਹਨਾਂ ਫੜੇ ਗਏ ਪਸ਼ੂਆਂ ਨੂੰ ਛੁਡਵਾਉਣ ਨਹੀਂ ਆਇਆ, ਜਿਸ ਕਾਰਨ ਗਊਸ਼ਾਲਾ ਵਿੱਚ ਪਸ਼ੂਆਂ ਦੀ ਗਿਣਤੀ ਵੱਧ ਗਈ ਹੈ ਅਤੇ ਗਿਣਤੀ ਵੱਧ ਜਾਣ ਕਾਰਨ ਪਸ਼ੂਆਂ ਨੂੰ ਬਿਮਾਰੀ ਫੈਲਣ ਦਾ ਵੀ ਡਰ ਹੈ। ਪਸ਼ੂਆਂ ਨੂੰ ਨਾ ਛੁਡਾਉਣ ਕਾਰਨ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋ ਰਿਹਾ ਹੈ।<br>ਉਕਤ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਤਜ਼ਵੀਜ ਕੀਤਾ ਜ਼ਾਂਦਾ ਹੈ ਕਿ ਅਵਾਰਾ ਪਸ਼ੂਆਂ ਨੂੰ ਛੱਡਣ ਸਬੰਧੀ ਕੀਤੀ ਜਾਂਦੀ ਜੁਰਮਾਨੇ ਦੀ ਰਕਮ ਨੂੰ **20,000/- ਰੁਪਏ ਤੋਂ ਘਟਾ ਕੇ ਮੁੜ 5000/-ਰੁਪਏ** ਕੀਤੀ ਜਾਵੇ ਜੀ ਤਾਂ ਜੋ ਕਿ ਗਊਸ਼ਾਲਾ ਵਿੱਚ ਪਸ਼ੂਆਂ ਦੀ ਹੋਈ ਭਰਮਾਰ ਨੂੰ ਘਟਾਇਆ ਜਾ ਸਕੇ ਅਤੇ ਨਗਰ ਨਿਗਮ ਨੂੰ ਹੋ ਰਹੇ ਵਿੱਤੀ ਨੁਕਸਾਨ ਨੂੰ ਠੱਲ ਪਾਈ ਜਾ ਸਕੇ।ਜੁਰਮਾਨੇ ਦੀ ਰਕਮ ਘੱਟ ਜਾਣ ਕਾਰਨ ਪਸ਼ੂ ਮਾਲਕ ਆਪਣੇ ਪਸ਼ੂਆਂ ਨੂੰ ਛੁਡਵਾ ਲੈਣਗੇ ਅਤੇ ਇਸ ਤਰਾਂ ਕਰਨ ਨਾਲ ਨਗਰ ਨਿਗਮ ਦਾ ਬਜਟ ਟੀਚਾ ਵੀ ਪੂਰਾ ਹੋ ਜਾਵੇਗਾ।<br>ਸੋ ਉਕਤ ਰਿਪੋਰਟ ਕਮਿਸ਼ਨਰ ਜ਼ੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ । | |
| 6 | 544 | 10.09.19 | **ਧਾਰਮਿਕ ਪ੍ਰੋਗਰਾਮਾ ਦੇ ਫਾਇਰ ਪ੍ਰਮੀਸ਼ਨ ਦੀ 5000/- ਰੂਪੈ ਫੀਸ ਮੁਆਫ ਕਰਨ ਬਾਰੇ।**<br><br>ਰਿਪੋਰਟ ਫਾਇਰ ਸ਼ਾਖਾ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਕੋਈ ਵੀ ਫਾਇਰ ਸਬੰਧੀ ਸਰਟੀਫਿਕੇਟ ਜਾਰੀ ਕਰਨ ਦੀ ਫੀਸ 5000/- ਰੂਪੈ ਲਈ ਜਾਂਦੀ ਹੈ।ਧਾਰਮਿਕ ਪ੍ਰੋਗਰਾਮ ਕਰਵਾਉਣ ਦੀ ਪ੍ਰਮੀਸ਼ਨ ਦੇਣ ਲਈ ਵੀ 5000/- ਰੂਪੈ ਨਗਰ ਨਿਗਮ ਵੱਲੋਂ ਲਏ ਜਾਂਦੇ ਹਨ। ਇੱਥੇ ਦੱਸਣਾ ਉਚਿੱਤ ਹੋਵੇਗਾ ਕਿ ਧਾਰਮਿਕ ਪ੍ਰੋਗਰਾਮ ਜਿਵੇਂ ਕਿ ਰਾਧਾ ਸੁਆਮੀ ਸਤਸੰਗ, ਦੁਸਹਿਰਾ ਕਮੇਟੀ ਵੱਲੋਂ ਰਾਮ ਲੀਲਾ ਅਤੇ ਸਿੱਖ ਸੰਸਥਾਵਾਂ ਵੱਲੋਂ ਧਾਰਮਿਕ ਪ੍ਰੋਗਰਾਮ ਆਦਿ ਲੋਕਾਂ ਵੱਲੋਂ ਸਾਂਝ ਨਾਲ ਕਰਵਾਇਆ ਜਾਂਦਾ ਹੈ।ਇਸ ਲਈ ਇਹਨਾਂ ਦੀ ਪ੍ਰਮੀਸ਼ਨ ਫੀਸ 5000/- ਰੂਪੈ ਮੁਆਫ ਕਰਨ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 7 | 545 | 10.09.19 | **ਪਿੰਡ ਸ਼ਾਹੀਮਾਜਰਾ ਵਿੱਚ ਬਣੇ ਨਵੇਂ ਪਾਰਕ ਦਾ ਨਾਮ ਰੱਖਣ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਸ੍ਰੀ ਅਸ਼ੋਕ ਕੁਮਾਰ ਝਾਅ, ਮਿਉਂਸਪਲ ਕੌਂਸਲਰ ਵਾਰਡ ਨੰ.8 ਨੇ ਲਿਖ ਕੇ ਦਿੱਤਾ ਹੈ ਕਿ ਪਿੰਡ ਸ਼ਾਹੀਮਾਜਰਾ ਵਿਖੇ ਜੋ ਪਾਰਕ ਹੈ, ਉਸ ਦਾ ਨਾਮ ਲਾਂਸ ਹੌਲਦਾਰ ਜੋਗਿੰਦਰ ਸਿੰਘ ਰੱਖਿਆ ਜਾਵੇ ਤਾਂ ਜੋ ਆਉਣ ਵਾਲੀਆ ਪੀੜ੍ਹੀਆ ਉਹਨਾ ਨੂੰ ਯਾਦ ਰੱਖ ਸਕਣ ਕਿਉਂਕਿ ਲਾਂਸ ਹੌਲਦਾਰ ਜੋਗਿੰਦਰ ਸਿੰਘ ਪਿੰਡ ਸ਼ਾਹੀਮਾਜਰਾ ਨਾਲ ਸਬੰਧ ਰੱਖਦਾ ਸੀ ਅਤੇ ਜੰਮੂ ਤੇ ਕਸ਼ਮੀਰ ਓਪਰੇਸ਼ਨ 1947 ਵਿੱਚ ਉਹਨਾ ਨੂੰ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ।<br>ਨਗਰ ਨਿਗਮ ਵੱਲੋ ਉਕਤ ਪਾਰਕ ਦੀ ਦੇਖਭਾਲ ਦਾ ਕੰਮ ਕੀਤਾ ਜਾ ਰਿਹਾ ਹੈ।ਪਾਰਕ ਦਾ ਨਾਮ ਰੱਖਣ ਦੀ ਕਾਰਵਾਈ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਕਿ ਲੇਟ ਲਾਂਸ ਹੌਲਦਾਰ ਜੋਗਿੰਦਰ ਸਿੰਘ ਦੀ ਪੁਸ਼ਟੀ ਲਈ ਕਿ ਇਹ ਜੰਗ ਵਿੱਚ ਸ਼ਹੀਦ ਹੋਏ ਸਨ,ਸਬੰਧੀ ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਨੂੰ ਪੱਤਰ ਨੰ.291 ਮਿਤੀ 04/07/2019 ਲਿਖਿਆ ਗਿਆ।ਜਿਸ ਸਬੰਧੀ ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਫੇਜ਼-10 ਐਸ.ਏ. ਐਸ. ਨਗਰ ਵੱਲੋਂ ਆਪਣੇ ਮੀਮੋ ਨੰ.ਜਰਸਭਅ/VrC/2019/1975 ਮਿਤੀ 16/07/2019 ਰਾਹੀਂ ਲਿਖਿਆ ਗਿਆ ਹੈ ਕਿ ਨੰ.11523 ਲਾਂਸ ਹੌਲਦਾਰ ਜੋਗਿੰਦਰ ਸਿੰਘ, ਪਿੰਡ ਸ਼ਾਹੀਮਾਜਰਾ ਨੂੰ ਜੰਮੂ ਐਂਡ ਕਸ਼ਮੀਰ ਓਪਰੇਸ਼ਨ 1947-48 ਵਿੱਚ ਵੀਰ ਚੱਕਰਾ ਦਿੱਤਾ ਗਿਆ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਸੀ। ਲਾਂਸ ਹੋਲਦਾਰ ਜੋਗਿੰਦਰ ਸਿੰਘ ਦੀ ਮੌਤ ਪੈਨਸ਼ਨ ਆਉਣ ਤੋਂ ਬਾਅਦ ਮਿਤੀ 08/07/1993 ਨੂੰ ਹੋਈ ਸੀ।ਇਹਨਾਂ ਦੀ ਵਿਧਵਾ ਸ੍ਰੀਮਤੀ ਗੁਰਮੀਤ ਕੌਰ ਹੁਣ ਵਾਸੀ ਲਾਲੜੂ (ਮਗਰਾ) ਤਹਿਸੀਲ ਡੇਰਾਬੱਸੀ ਜਿਲ੍ਹਾ ਐਸ.ਏ.ਐਸ.ਨਗਰ ਵਿਖੇ ਰਹਿ ਰਹੀ ਹੈ।<br>ਜਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੀ ਰਿਪੋਰਟ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਲਾਂਸ ਹੌਲਦਾਰ ਜੋਗਿੰਦਰ ਸਿੰਘ ਨੂੰ ਜੰਮੂ ਤੇ ਕਸ਼ਮੀਰ ਓਪਰੇਸ਼ਨ 1947-48 ਵਿੱਚ ਵੀਰ ਚੱਕਰਾ ਦਿੱਤਾ ਗਿਆ ਸੀ।ਸੋ ਉਕਤ ਮੁਤਾਬਿਕ ਪਿੰਡ ਸ਼ਾਹੀਮਾਜਰਾ ਵਿੱਚ ਬਣੀ ਨਵੀਂ ਪਾਰਕ ਦਾ ਨਾਮ "ਲਾਂਸ ਹੌਲਦਾਰ ਜੋਗਿੰਦਰ ਸਿੰਘ, ਵੀਰ ਚੱਕਰਾ" ਰੱਖਣ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 8 | 546 | 10.09.19 | **ਸ੍ਰੀ ਰਾਕੇਸ਼-2 ਨੂੰ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪੱਦ-ਉਨਤ ਕਰਨ ਸਬੰਧੀ।**<br>ਰਿਪੋਰਟ ਸੁਪਰਡੈਂਟ (ਅਮਲਾ) ਕਿ ਸ੍ਰੀ ਰਾਕੇਸ-2 ਪੁਤੱਰ ਸ੍ਰੀ ਰੈਤੂ ਰਾਮ, ਸਫਾਈ ਸੇਵਕ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਪੱਤਰ (ਡਾਇਰੀ ਨੰਬਰ 2010 ਮਿਤੀ 31/07/19) ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਸਾਲ 2000 ਤੋਂ ਬਤੌਰ ਸਫਾਈ ਸੇਵਕ ਰੈਗੂਲਰ ਤੌਰ ਤੇ ਆਪਣੀ ਸੇਵਾ ਨਿਭਾ ਰਿਹਾ ਹੈ ਕਿ ਉਹ ਅੰਗਹੀਣ ਕੋਟੇ ਵਿੱਚ ਹੀ ਭਰਤੀ ਹੋਇਆ ਸੀ। ਨਗਰ ਨਿਗਮ ਵਿੱਚ ਕੰਮ ਕਰਦੇ ਸਫਾਈ ਸੇਵਕਾਂ ਵਿੱਚੋਂ ਉਹ ਅੰਗਹੀਣ ਕੋਟੇ ਵਿੱਚ ਸੀਨੀਅਰ ਹੈ। ਇਸ ਲਈ ਉਸਨੂੰ ਸੀਨੀਆਰਤਾ ਅਤੇ ਅੰਗਹੀਣ ਕੋਟੇ ਨੂੰ ਮੁੱਖ ਰਖਦੇ ਹੋਏ ਰੂਲਾਂ ਅਨੁਸਾਰ ਉਸਨੂੰ ਬਤੌਰ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪੱਦ-ਉਨਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਤੋਂ ਇਲਾਵਾ ਸੈਨੀਟੇਸ਼ਨ ਸ਼ਾਖਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਨਗਰ ਨਿਗਮ ਵਿਖੇ ਇਸ ਸਮੇਂ ਸੈਨੇਟਰੀ ਜਮਾਦਾਰ ਦੀਆਂ 8 ਅਸਾਮੀਆਂ ਪ੍ਰਵਾਨਤ ਹਨ। ਜਿਨ੍ਹਾਂ ਵਿੱਚੋਂ ਇਸ ਸਮੇਂ 6 ਸੈਨੇਟਰੀ ਜਮਾਦਾਰ ਕੰਮ ਕਰ ਰਹੇ ਹਨ ਅਤੇ 2ਅਸਾਮੀਆਂ ਖਾਲੀ ਪਈਆਂ ਹਨ। ਸ੍ਰੀ ਰਾਕੇਸ਼-2 ਪੁੱਤਰ ਸ੍ਰੀ ਰੈਤੂ ਰਾਮ, ਸਫਾਈ ਸੇਵਕ ਇਸ ਨਗਰ ਨਿਗਮ ਵਿਖੇ ਸਾਲ 2000 ਵਿੱਚ ਬਤੌਰ ਸਫਾਈ ਸੇਵਕ ਅੰਗਹੀਣ ਕੋਟੇ ਵਿੱਚ ਭਰਤੀ ਹੋਇਆ ਸੀ। ਉਸਦਾ ਕੰਮ-ਕਾਜ ਤਸੱਲੀਬਖਸ਼ ਹੈ। ਨਗਰ ਨਿਗਮ ਵਿਖੇ ਕੰਮ ਕਰਦੇ ਸਫਾਈ ਸੇਵਕਾਂ ਵਿੱਚੋਂ ਉਹ ਅੰਗਹੀਣ ਕੋਟੇ ਵਿੱਚ ਸਭ ਤੋਂ ਸੀਨੀਅਰ ਹੈ। ਦਫਤਰੀ ਰਿਕਾਰਡ ਅਨੁਸਾਰ ਨਗਰ ਨਿਗਮ ਵੱਲੋਂ ਹੁਣ ਤੱਕ ਹੇਠ ਲਿਖੇ ਸਫਾਈ ਸੇਵਕਾਂ ਨੂੰ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪੱਦ-ਉਨਤ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ ਕੀਤਾ ਜਾ ਚੁੱਕਾ ਹੈ :-<br>1) ਸ੍ਰੀ ਰਾਮ ਸਿੰਘ (ਮੌਤ ਹੋ ਚੁੱਕੀ ਹੈ)<br>2) ਸ੍ਰੀ ਸੁਰੇਸ਼ ਕੁਮਾਰ-1 (ਰਿਟਾਇਰ ਹੋ ਚੁੱਕੇ ਹਨ)<br>3) ਸ੍ਰੀ ਚਮਨ ਲਾਲ (ਮੌਤ ਹੋ ਚੁੱਕੀ ਹੈ)<br>4) ਸ੍ਰੀ ਸੁਰਿੰਦਰ ਸਿੰਘ (ਰਿਟਾਇਰ ਹੋ ਚੁੱਕੇ ਹਨ)<br>5) ਸ੍ਰੀ ਜਗਬੀਰ ਸਿੰਘ-2 (ਸੇਵਾਕਾਲ ਦੇ ਦੂੱਜੇ ਸਾਲ ਦੇ ਵਾਧੇ ਤੇ ਹਨ)<br>6) ਸ੍ਰੀ ਚੇਤਨ<br>7) ਸ੍ਰੀ ਸਿਰੀ ਰਾਮ (ਰਿਟਾਇਰ ਹੋ ਚੁੱਕੇ ਹਨ)<br>8) ਸ੍ਰੀ ਸਤਪਾਲ-2<br>9) ਸ੍ਰੀ ਬਾਬੂ ਰਾਮ<br>10) ਸ੍ਰੀ ਸ਼ੋਭਾ ਰਾਮ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | 11) ਸ੍ਰੀ ਰਾਜਮੋਹਨ<br>12) ਸ੍ਰੀ ਮਦਨ ਲਾਲ (ਰਿਟਾਇਰ ਹੋ ਚੁੱਕੇ ਹਨ)<br>ਉਕਤ ਕਰਮਚਾਰੀਆਂ ਵਿੱਚੋਂ ਕਿਸੇ ਵੀ ਕਰਮਚਾਰੀ ਨੂੰ ਅੰਗਹੀਣ ਕੋਟੇ ਦੇ ਵਿਰੁੱਧ ਪੱਦ-ਉਨਤ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਰਿਜਰਵੇਸ਼ਨ ਰੋਸਟਰ ਦੇ ਨੁਕਤਾ 11 ਜੋ ਕਿ ਅੰਗਹੀਣ ਕੋਟੇ ਲਈ ਰਿਜਰਵ ਹੈ, ਦੇ ਤਹਿਤ ਸ੍ਰੀ ਰਾਕੇਸ਼-2 ਜਿਸਦੀ ਭਰਤੀ ਅੰਗਹੀਣ ਕੋਟੇ ਦੇ ਵਿਰੁੱਧ ਹੋਈ ਹੈ, ਨੂੰ ਸੈਨੇਟਰੀ ਜਮਾਦਾਰ ਦੀ 2 ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਪੱਦ-ਉਨਤ ਕੀਤਾ ਜਾਣਾ ਬਣਦਾ ਹੈ। ਸੈਨੀਟੇਸ਼ਨ ਸ਼ਾਖਾ ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਸ੍ਰੀ ਰਾਕੇਸ਼-2 ਪੁੱਤਰ ਸ੍ਰੀ ਰੈਤੂ ਰਾਮ, ਸਫਾਈ ਸੇਵਕ ਨੂੰ ਸਫਾਈ ਸੇਵਕ ਦੀ ਅਸਾਮੀ ਤੋਂ ਬਤੌਰ ਸੈਨੇਟਰੀ ਜਮਾਦਾਰ ਪਦ-ਉਨੱਤ ਕਰਨ ਲਈ ਕੇਸ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਉਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 9 | 547 | 10.09.19 | **ਪਾਰਕਾਂ ਦੇ 7 ਤਖਮੀਨਿਆ ਵਿੱਚ 25% ਦਾ ਵਾਧਾ ਕਰਨ ਸਬੰਧੀ।**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਉਪਰੋਕਤ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਗਮ ਵੱਲੋਂ ਸਹਿਰ ਦੀਆਂ ਪਾਰਕਾਂ ਦਾ ਰੱਖ ਰਖਾਵ ਦੇ ਕੰਮ ਮਿਤੀ: 31-07-18 ਨੂੰ ਹੋ ਚੁੱਕਾ ਹੈ। ਜਿਸ ਸਬੰਧ ਵਿੱਚ ਵਿੱਚ ਅਗਲੇ ਸਾ ਦੇ ਟੈਂਡਰ ਕਾਲ ਕਰਨ ਦੀ ਪ੍ਰੀਕਿਰਿਆ ਦੋਰਾਨ ਉਕਤ ਕੰਮਾ ਦੀ ਮਿਤੀ: 02-07-19 ਅਤੇ ਮਿਤੀ: 02-08-19 ਨੂੰ ਅਲਾਟਡ ਰਕਮ ਤੋਂ 10% ਵਧਾ ਲਏ ਗਏ ਸਨ। ਇਥੇ ਦੱਸਿਆ ਜਾਦਾ ਹੈ ਕਿ ਉਕਤ ਕੰਮਾਂ ਨੂੰ 10% ਵਧਾਉਣ ਉਪਰੰਤ ਇਹ ਕੰਮ ਮਿਤੀ: 10-02-19 ਤੱਕ ਹੀ ਚੱਲ ਸਕਦੇ ਹਨ। ਇਥੇ ਦੱਸਿਆ ਜਾਂਦਾ ਹੈ ਕਿ ਉਕਤ ਕੰਮਾਂ ਨੂੰ 10% ਵਧਾਉਣ ਉਪਰੰਤ ਇਹ ਕੰਮ ਮਿਤੀ:10-09-19 ਤੱਕ ਹੀ ਚੱਲ ਸਕਦੇ ਹਨ। ਉਕਤ ਕੰਮਾਂ ਦੇ ਟੈਂਡਰ ਕਾਲ ਕੀਤੇ ਜਾ ਚੁੱਕੇ ਹਨ। ਇਹ ਟੈਂਡਰ ਪ੍ਰੀਕਿਰਿਆ ਪੂਰੀ ਹੋਣ ਵਿੱਚ ਇੱਕ ਤੋਂ ਡੇਢ ਮਹੀਨੇ ਦਾ ਸਮਾਂ ਲੱਗਣ ਦੀ ਆਸ ਹੈ। ਇਸ ਲਈ ਉਕਤ ਕੰਮਾਂ ਨੂੰ ਅਲਾਟਡ ਰਕਮ ਤੋਂ 25% ਵਧਾਉਣਾ ਯੋਗ ਹੋਵੇਗਾ, ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| S.No. | Description | Estimate amount | Vetted amount | Allotted amount | 25% of Allotted amount | Total Amt. after 25% increased |
|---|---|---|---|---|---|---|
| 1. | Detail Estimate for Maintenance of Special Park/ General Parks in Sector-53, 54, 55, 56, 57 & 59 and Neighborhood Park, phase-6, BOUGANIVILEA PARK, pahse-6 in S.A.S. Nagar. (Zone-1) | 96.06 Lac | 93.59 Lac | 8900052/- | 2225013/- | 11125065/- |
| 2. | Detail Estimate for Maintenance of | 99.61 Lac | 98.61 Lac | 8549371/- | 2137342/- | 10686613/- |

| | | | | | | | | | | | | |
|---|---|---|---|---|---|---|---|---|---|---|---|---|
| | | | | | Special Park/ General Parks in Sector-60,61,62 & 63 and Rose Garden 3B2, Library Park, ph-7 & Silvi Park, Sector-64 in S.A.S. Nagar. (Zone-2) | | | | | | | |
| | | | | 3. | Detail Estimate for Maintenance of Special Park/ General Parks in Sector-61,65,65A,66 & 68 and Neighborhood Park, Sector-65 and City Park, Sector-68 in S.A.S. Nagar. (Zone-3) | 97.01 Lac | 95.37 Lac | 9071863/- | 2267965/- | 11339828/- | | |
| | | | | 4. | Zone-4, Detail Estimate for Maintenance of Special Park/ General Parks in Sector- 69,70 & 71 and Neighbourhood Park, Sector-70, Special Park no. 32, Sector-70& Kargil Park,Sector-71 in S.A.S. Nagar. (Zone-4) | 99.49 lac | 97.13 lac | 9234637/- | 2308659/- | 11543296/- | | |
| | | | | 5. | Annual Maintenance of Nature Park Sector-62 in S.A.S. Nagar. | 86.65 Lac | 84.39 Lac | 7895787/- | 1973946/- | 9869733/- | | |
| | | | | 6. | Annual | 78.96 Lac | 57.37 Lac | 5597666/- | 1399416/- | 6997082/- | | |

<table>
<tr>
<td></td>
<td></td>
<td></td>
<td>
<table>
<tr><td></td><td>Maintenance of General Parks/Green belts of Municipal Corporation, S.A.S. Nagar.</td><td></td><td></td><td></td><td></td><td></td></tr>
<tr><td>7.</td><td>Annual Maintenance of Special Parks/Green belts of Municipal Corporation, S.A.S. Nagar.</td><td>61.37 Lac</td><td>53.56 Lac</td><td>5249668/-</td><td>1312417/-</td><td>6562085/-</td></tr>
</table>
<br>
ਇਥੇ ਦੱਸਿਆ ਜਾਦਾ ਹੈ ਕਿ ਪਾਰਕਾਂ ਦੀ ਰੋਜਾਨਾ ਦੇਖਭਾਲ ਕਰਨਾ ਅਤਿ ਜਰੂਰੀ ਹੈ। ਅਜਿਹਾ ਨਾ ਕਰਨ ਤੇ ਪਬਲਿਕ ਨੂੰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਨਗਰ ਨਿਗਮ ਦਾ ਅਕਸ ਵੀ ਖ਼ਰਾਬ ਹੁੰਦਾ ਹੈ। ਸੋ ਪਬਲਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਅਲਾਟਡ ਰਕਮ ਤੋਂ 25% ਵਧਾ ਕੇ ਵਿਸੇ ਅਧੀਨ ਕੰਮਾਂ ਦੀ ਮਿਆਦ ਵਿੱਚ 1-2 ਮਹੀਨੇ ਦਾ ਵਾਧਾ ਕਰਕੇ ਕੰਮ ਕਰਵਾਉਣਾ ਯੋਗ ਹੋਵੇਗਾ। ਇਹਨਾਂ ਕੰਮਾਂ ਵਿੱਚੋ ਲੜੀ ਨੰ: 1 ਤੋਂ 5 ਦੇ ਕੰਮ ਗਮਾਡਾ ਫੰਡ ਅਤੇ ਲੜੀ ਨੰ: 6 ਤੋਂ 7 ਦੇ ਕੰਮ ਮਿਉਂਸਪਲ ਕਾਰਪੋਰੇਸ਼ਨ ਫੰਡ ਵਿੱਚੋਂ ਕਰਵਾਏ ਜਾਣੇ ਹਨ।ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td></td>
</tr>
<tr>
<td>10</td>
<td>548</td>
<td>10.09.19</td>
<td>
<u>Rough cost estimate for desilting of 48" i/d brick storm dart chocked starting from house no. 2519 to 467 and house no. 467 to 456 near mohali golf range, phase 11 S.A.S Nagar including construction of manholes,Raising of manhole and all other works contigent there to</u>. (Amount = Rs 19.56 Lacs)
<br>
ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 8673 ਮਿਤੀ 29-07-2019 ਰਾਹੀ  19.56 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਮੌਕੇ ਤੇ ਲੱਗੀਆ ਸੀਵਰ ਅਤੇ ਬਰਸਾਤੀ ਪਾਣੀ ਦੀਆਂ ਲਾਈਨਾ ਦੀ ਸਾਫ ਸਫਾਈ ਅਤੇ ਦੇਖਭਾਲ ਦੇ ਨਾਲ ਨਾਲ ਮੌਕੇ ਤੇ ਬਣੇ ਮੇਨਹਾਲ ਚੈਂਬਰ ਆਦਿ ਦੀ ਵੀ ਨਿਯਮਤ ਰੂਪ ਵਿੱਚ ਰਿਪੇਅਰ ਕਰਵਾਉਣੀ ਪੈਂਦੀ ਹੈ। ਫੇਜ-11 ਐਸ.ਏ.ਐਸ ਨਗਰ ਦੇ ਕੋਠੀ ਨੰ 2519 ਤੋਂ 467 , 467 ਤੋਂ 456 ਅੱਗਲੇ ਪਾਸੇ ਲੰਘਦੀ 48‘ ਇੰਚ ਬਰਿਕ ਸਟਾਰਮ ਡਾਟ ਜ਼ੋ ਅੱਗੇ ਜਾ ਕੇ ਮੋਹਾਲੀ ਗੋਲਫ ਰੇਂਜ ਤੱਕ ਜਾ ਮਿਲਦੀ ਹੈ, ਕਾਫੀ ਮਾਤਰਾ ਵਿੱਚ ਗਾਰ ਨਾਲ ਭਰੀ ਹੋਈ ਹੈ ਜਿਸ ਕਾਰਨ ਇਸ ਦੇ ਨਾਲ ਲੱਗਦੇ ਰਿਹਾਇਸ਼ੀ ਵੱਸੋਂ ਵਿੱਚ ਪਾਣੀ ਦੀ ਨਿਕਾਸੀ ਨਹੀ ਹੁੰਦੀ ਅਤੇ ਇਥੇ ਬਰਸਾਤੀ ਪਾਣੀ ਲੋਕਾ ਦੇ ਘਰਾਂ ਵਿੱਚ ਦਾਖਿਲ ਹੋ ਜਾਂਦਾ ਹੈ। ਇਸ ਬਰਿੱਕ ਸਟਾਰਮ ਡਾਟ ਦਾ ਬਰਿੱਕੀ ਨਾਲ ਨਿਰੀਖਣ ਕੀਤਾ ਗਿਆ ਅਤੇ ਪਾਇਆ ਗਿਆ ਕਿ ਇਸ ਦੀ ਡਿਸਲਟਿੰਗ ਦੀ ਤੁਰੰਤ ਲੋੜ ਹੈ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਓਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੌਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੌਕੇ ਤੇ ਕੰਮ ਹੋਣ ਵਾਲਾ ਹੈ।<br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 19.56 ਲੱਖ ਰੁਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (19,27,627/- ਰੁਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 19,276/- ਰੁਪਏ) ਕੁੱਲ ਰਕਮ 19,46,903/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਾਉਣ ਸਬੰਧੀ ਰਿਪੋਰਟ ਪੇਸ਼ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਕੰਮ 14ਵੇਂ ਵਿੱਤ ਕਮਿਸ਼ਨ ਦੀ ਗਰਾਂਟ ਵਿਚੋਂ ਕਰਵਾਏ ਜਾਣੇ ਹਨ ਇਸ ਗਰਾਟ ਅਧੀਨ 2,69,63,203/- ਰੁਪਏ ਉਪਲੱਬਧ ਹਨ।ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 11 | 549 | 10.09.19 | **<u>Rough cost estimate for providing and laying RCC 1400mm i/d storm water line to provide relief to water logging prone LIG and MIG houses of phase 11 from community centre to mohali golf range phase 11 S.A.S Nagar including onstruction of brick masonry manhole etc. and all other works contigent thereto.</u> (Amount = Rs 119.08 Lacs)**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 8692 ਮਿਤੀ 30-07-2019 ਰਾਹੀ 119.08 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਮੌਕੇ ਤੇ ਲੱਗੀਆ ਸੀਵਰ ਅਤੇ ਬਰਸਾਤੀ ਪਾਣੀ ਦੀਆਂ ਲਾਈਨਾ ਦੀ ਸਾਫ ਸਫਾਈ ਅਤੇ ਦੇਖਭਾਲ ਦੇ ਨਾਲ ਨਾਲ ਮੌਕੇ ਤੇ ਬਣੇ ਮੇਨਹਾਲ ਚੈਂਬਰ ਆਦਿ ਦੀ ਵੀ ਨਿਯਮਤ ਰੂਪ ਵਿੱਚ ਰਿਪੇਅਰ ਕਰਵਾਉਣੀ ਪੈਂਦੀ ਹੈ। ਫੇਜ-11 ਐਸ.ਏ.ਐਸ ਨਗਰ ਦੇ ਗੁਰੂਦੁਆਰਾ ਸਾਹਿਬ ਤੋਂ ਲੈ ਕੇ ਮੋਹਾਲੀ ਗੋਲਫ ਰੇਂਜ ਤੱਕ ਵਿਛੀ ਹੋਈ 48‘ ਇੰਚ ਸਾਈਜ ਦੀ ਬਰਿੱਕ ਸਟਾਂਰਮ ਡਾਟ ਕਾਫੀ ਪੁਰਾਣੀ ਹੈ ਅਤੇ ਇਹ ਕਾਫੀ ਜਗ੍ਹਾ ਤੋਂ ਡੇਮੇਜ਼ ਹੈ। ਇਸ ਸਟਾਰਮ ਪਾਇਪ ਵਿੱਚ ਫੇਜ-11 ਦੀ ਐਲ.ਆਈ.ਜੀ ਅਤੇ ਐਮ.ਆਈ.ਜੀ ਕੁਆਟਰਾ ਦਾ ਬਰਸਾਤੀ ਪਾਣੀ ਆ ਕੇ ਮਿਲਦਾ ਹੈ । ਐਲ .ਆਈ.ਜੀ ਅਤੇ ਐਮ.ਆਈ.ਜੀ ਕੁਆਟਰਾ ਦਾ ਜਮੀਨੀ ਪੱਧਰ ਕਾਫੀ ਨੀਵਾਂ ਹੈ ਅਤੇ ਉਥੇ ਸੰਘਣੀ ਆਬਾਦੀ ਹੋਣ ਕਰਕੇ ਬਰਸਾਤੀ ਪਾਣੀ ਉਹਨਾਂ ਦੇ ਘਰਾਂ ਵਿੱਚ ਦਾਖਿਲ ਹੋ ਜਾਂਦਾ ਹੈ ਅਤੇ ਉਸ ਪਾਣੀ ਦੀ ਤੁਰੰਤ ਨਿਕਾਸੀ ਨਹੀਂ ਹੁੰਦੀ ਕਿਉਂਜੋ 48 ਇੰਚ ਵਿਆਸ ਦੀ ਪਾਈਪ ਵਿੱਚ ਇਹ ਪਾਣੀ ਜਾ ਕੇ ਮਿਲਦਾ ਹੈ ਉਹ ਪਾਈਪ ਨੁਕਸਾਨੀ ਹੋਣ ਕਰਕੇ ਇਸ ਪਾਣੀ ਨੂੰ ਲੈਣ ਦੇ ਸਮਰਥ ਨਹੀਂ ਹੈ। ਇਸ ਪਾਣੀ ਨੂੰ ਬਰਿੱਕੀ ਨਾਲ ਚੈੱਕ ਕਰਨ ਤੇ ਪਾਇਆ ਗਿਆ ਹੈ ਕਿ ਇਸ ਪਾਈਪ ਨੂੰ ਮੁਰੰਮਤ ਕਰਨਾ ਸੰਭਵ ਅਤੇ ਤਕਨੀਕੀ ਪੱਖੋ ਯੋਗ ਨਹੀਂ ਹੈ। ਇਸ 48 ਇੰਚ ਬਰਿੱਕ ਡਾਟ ਦੀ ਥਾਂ ਤੇ 1400 ਐਮ.ਐਮ ਵਿਆਸ ਦੀ ਪਾਈਪ ਪਾਉਣ ਦੀ ਤਜਵੀਜ ਹੈ ਤਾਂ ਜ਼ੋ ਐਲ .ਆਈ.ਜੀ ਅਤੇ ਐਮ.ਆਈ.ਜੀ ਘਰਾਂ ਨੂੰ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਰਾਹਤ ਮਿਲ ਸਕੇ । ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਓਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੋਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੋਕੇ ਤੇ ਕੰਮ ਹੋਣ ਵਾਲਾ ਹੈ।<br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 119.08 ਲੱਖ ਰੁਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (117,30,675/- ਰੁਪੈ ਅਤੇ ਐਡਵਰਟਾਈਜਮੈਂਟ ਚਾਰਜਜ ਦੀ ਰਕਮ 1,17,306/- ਰੁਪਏ) ਕੁੱਲ ਰਕਮ 118,47,981/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਾਉਣ ਸਬੰਧੀ ਰਿਪੋਰਟ ਪੇਸ਼ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਕੰਮ 14ਵੇਂ ਵਿੱਤ ਕਮਿਸ਼ਨ ਦੀ ਗਰਾਂਟ ਵਿਚੋਂ ਕਰਵਾਏ ਜਾਣੇ ਹਨ ਇਸ ਗਰਾਟ ਅਧੀਨ 2,69,63,203/- ਰੁਪਏ ਉਪਲੱਬਧ ਹਨ।ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 12 | 550 | 10.09.19 | **<u>Rough cost estimate for laying New D.I pipeline size 3" Dia including Sluice Valve and D.I specials with replacement of existing 3" Dia C.I pipeline in LIG and MIG flats at phase-10 S.A.S Nagar.</u>** (Amount= Rs. 24.87 lacs)<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 2, ਐਸ.ਏ.ਐਸ ਨਗਰ ਵੱਲੋਂ ਪੱਤਰ ਨੰ: 4948 ਮਿਤੀ 08-08-2019 ਰਾਂਹੀ ਰਕਮ ਲਾਗਤ 24.87 ਲੱਖ ਦਾ ਤਖਮੀਨਾ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਵਾਉਣ ਹਿੱਤ ਭੇਜਿਆ ਗਿਆ ਹੈ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੇਨੀਟੇਸ਼ਨ ਮੰਡਲ ਨੰ: 2, ਐਸ.ਏ.ਐਸ ਨਗਰ ਵੱਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ **"ਵਾਟਰ ਵਰਕਸ ਫੇਜ- 10 ਤੋਂ ਫੇਜ-10 ਅਤੇ ਫੇਜ-11 ਨੂੰ ਪੀਣ ਵਾਲਾ ਪਾਣੀ ਸਪਲਾਈ ਕੀਤਾ ਜਾਂਦਾ ਹੈ। ਜਿਸ ਦੇ ਸੰਬਧ ਵਿੱਚ ਉਪ ਮੰਡਲ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਫੇਜ-10 ਵਿਖੇ ਸਥਿਤ LIG ਅਤੇ MIG Flats ਵਿੱਚ 3 ਇੰਚ ਡਾਇਆ ਦੀ C.I ਪਾਈਪ ਲਾਈਨ ਪਾਈ ਗਈ ਸੀ, ਜ਼ੋ ਕਿ ਬਹੁਤ ਜਿਆਦਾ ਪੁਰਾਣੀ ਹੋ ਚੁੱਕੀ ਹੈ। LIG ਬੂਸਟਰ ਤੋਂ ਪੀਣ ਵਾਲੇ ਪਾਣੀ ਦੀ ਮੇਨ ਪਾਈਪ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਜਿਸ ਕਾਰਣ ਜਗ੍ਹਾ ਜਗ੍ਹਾ ਤੋਂ ਲੀਕਏਜ਼ ਅਤੇ ਗੰਦਾ ਪਾਣੀ ਵੀ ਪੀਣ ਵਾਲੇ ਪਾਣੀ ਦੀ ਪਾਈਪ ਵਿੱਚ ਮਿਕਸ ਹੁੰਦਾ ਰਹਿੰਦਾ ਹੈ। ਇਸ ਦੇ ਸੰਬਧ ਵਿੱਚ ਏਰੀਏ ਦੇ ਮਿਉਂਸਪਲ ਕੌਸਲਰ ਵੱਲੋਂ ਲਿਖਤੀ ਰੂਪ ਵਿੱਚ ਮੰਡਲ ਦਫਤਰ ਨੂੰ ਮੰਗ ਕੀਤੀ ਗਈ ਹੈ । ਇਹਨਾਂ ਫਲੈਟਾ ਵਿੱਚ G.I ਦੇ ਪਾਣੀ ਦੇ ਕੁਨੈਕਸਨ ਦੀਆ ਪਾਈਪਾ ਕਾਫੀ ਖਰਾਬ ਹੋ ਚੁੱਕੀਆ ਹਨ। ਜਿਸ ਕਾਰਣ ਪਾਣੀ ਦੀਆ ਕੁਨੈਕਸਨ ਪਾਈਪਾ ਰਾਹੀ ਸੀਵਰ ਮਿਕਸ ਹੋਣ ਦੀ ਸਿਕਾਇਤ ਆਉਂਦੀ ਰਹਿੰਦੀ ਹੈ। ਜਿਸ ਕਾਰਣ ਵਾਰ ਵਾਰ ਸਕਾਵਰ ਕਰਨਾ ਪੈਂਦਾ ਹੈ ਅਤੇ ਸਕਾਵਰ ਪੁਆਇੰਟ ਅਤੇ ਸਲੂਸ ਵਾਲਵ ਲਏ ਗਏ ਹਨ। ਪਾਣੀ ਦਾ ਡਿਸਚਾਰਜ ਮਾਪਣ ਲਈ ਫਲੋਅ ਮੀਟਰ ਦੀ ਵਿਵਸਥਾ ਵੀ ਤਖਮੀਨੇ ਵਿੱਚ ਲਈ ਗਈ ਹੈ। ਮਿਉਂਸਪਲ ਕੌਸਲਰ ਦੀ ਮੰਗ ਅਤੇ ਸਹਿਰ ਵਾਸੀਆ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ D.I Pipe ਦਾ ਕੱਚੇ ਅੰਕੜਿਆ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ।"**<br>ਉਪਰੋਕਤ ਤੱਥਾ, ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਕਤ ਕੰਮ ਦਾ ਕੱਚੇ ਅੰਕੜਿਆ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਲਈ ਤਖਮੀਨੇ ਦੀ ਰਕਮ 24,62,824/- ਰੁਪੈ ਅਤੇ ਐਡਰਵਰਟਾਇਜਮੈਂਟ ਚਾਰਜਜ਼ ਦੀ ਰਕਮ 24,628/- ਰੂਪੈ ਕੁੱਲ ਰਕਮ 24,87,453/- ਰੂਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ -2, ਮੋਹਾਲੀ ਨੂੰ ਫੰਡਜ ਉਪਲਬਧ ਕਰਾਉਣ ਸਬੰਧੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਰਿਪੋਰਟ ਪੇਸ਼ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਕੰਮ 14ਵੇਂ ਵਿੱਤ ਕਮਿਸ਼ਨ ਦੀ ਗਰਾਂਟ ਵਿਚੋਂ ਕਰਵਾਏ ਜਾਣੇ ਹਨ ਇਸ ਗਰਾਟ ਅਧੀਨ 2,69,63,203/- ਰੁਪਏ ਉਪਲੱਬਧ ਹਨ।ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 13 | 551 | 10.09.19 | **Punjab Urban Environment Improvement Programme ਅਧੀਨ ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ ਕਰਵਾਏ ਜਾਣ ਵਾਲੇ ਕੰਮਾ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ ਵੱਲੋਂ ਮੁੱਖ ਇੰਜ਼ੀਨੀਅਰ (ਟਰੱਸਟ) ਜੀ ਨੂੰ ਕੁੱਲ 46 ਤਖਮੀਨੇ ਅਨੁਮਾਨਤ ਲਾਗਤ 1209.62 ਲੱਖ ਰੁਪਏ ਦੇ ਤਕਨੀਕੀ ਵੈਟਿੰਗ ਲਈ ਭੇਜੇ ਗਏ ਸਨ। ਜ਼ਿਸ ਦੇ ਸਬੰਧ ਵਿੱਚ ਮੁੱਖ ਇੰਜ਼ੀਨੀਅਰ (ਟਰੱਸਟ) ਜੀ ਵੱਲੋਂ ਆਪਣੇ ਪੱਤਰ ਪਿੱਠ ਅੰਕਣ ਨੰ: C.E.(IT)-2019/10240 Dt: 25-02-2019 ਰਾਂਹੀ ਹੇਠ ਲਿਖੇ ਕੁੱਲ 13 ਤਖਮੀਨੇ ਅਨੁਮਾਨਤ ਲਾਗਤ 218.20 ਲੱਖ ਰੁਪਏ ਦੀ ਤਕਨੀਕੀ ਵੈਟਿੰਗ ਕੀਤੀ ਗਈ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| Sr. no. | Name of the Estimate | Est. cost. (In Lacs) | Vetted Amount (In lacs) |
|---|---|---|---|
| 1) | R/C Estimate for P/L of paver block in Police Colony in Ward no. 23 Ph-8, Sec-62, Mohali. | 21.01 | 18.93 |
| 2) | R/C Estimate for laying of 25mm SDBC in Police Colony in Ward no. 23 Ph-8, Sec-62, Mohali S.A.S Nagar. | 4.40 | 3.85 |
| 3) | P/L SDBC in Phase-9 parking Ep. PCA Stadium Back side. | 31.37 | 30.58 |
| 4) | laying of SDBC on different streets of Commando Complex Ph-11. | 23.71 | 23.11 |
| 5) | Laying of SDBC on different streets of Sec-66, Near Mandi Board Colony ward no. 27 | 3.98 | 3.87 |
| 6) | P/L SDBC in Ph-10 Market. | 41.67 | 40.60 |
| 7) | P/L of BM and SDBC in Police Colony Ind: area Ph-1 S.A.S Nagar. | 2.62 | 2.55 |
| 8) | Providing and fixing of LED Street lights Park light Commando Complex Ph-11 | 7.01 | 6.95 |
| 9) | Repair of Cable and fixing of LED Street lights in Police Colony Ind. area Ph-1 S.A.S Nagar. | 2.51 | 2.50 |
| 10) | Providing and fixing of Park lights near kali Mata Mandir Ph-6, Main road SAS Nagar. | 2.18 | 2.13 |
| 11) | Providing and fixing park lights phirni of | 3.45 | 3.37 |

<table>
<tr>
<td></td>
<td></td>
<td></td>
<td>
<table>
<tr><td></td><td>Village Mandanpura back side HIG Flats Ph-2, SAS Nagar.</td><td></td><td></td></tr>
<tr><td>12)</td><td>Development of park near kali Mata Mandir Phase-6 main road S.A.S Nagar.</td><td>26.25</td><td>21.71</td></tr>
<tr><td>13)</td><td>Development of park on Phirni of Village Mandanpura back side HIG Flats Ph-2, SAS Nagar.</td><td>71.07</td><td>58.05</td></tr>
<tr><td colspan="2">Total</td><td>241.23</td><td>218.20</td></tr>
</table>
ਇਥੇ ਦੱਸਿਆ ਜਾਦਾ ਹੈ ਕਿ ਜਨਰਲ ਮੈਨੇਜਰ (ਪੀ) ਦੇ ਪਿੱਠ ਅੰਕਣ ਨੰ: 1/26/2019-ਸ.ਚੋ.ਸੁ.ਪ੍ਰ:/ 2763-68 ਮਿਤੀ 16-08-2019 ਰਾਹੀਂ ਲਿਖਿਆ ਗਿਆ ਹੈ ਕਿ ਪੀ. ਆਈ. ਡੀ. ਬੀ. ਦੇ ਪੱਤਰ ਨੰ: ਪੀ. ਆਈ.ਡੀ .ਬੀ./ਡੀ.ਸੀ.ਐਫ.ਏ./19/4629 ਮਿਤੀ 01-08-2019 ਰਾਹੀਂ ਪੰਜਾਬ ਬੁਨਿਆਦੀ ਢਾਚਾ ਵਿਕਾਸ ਬੋਰਡ ਵੱਲੋਂ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਲਈ ਨਗਰ ਨਿਗਮ, ਐਸ.ਏ.ਐਸ.ਨਗਰ ਲਈ 54.55 ਲੱਖ (25% of 218.20 lacs) ਦੀ ਰਾਸ਼ੀ ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ ਜੀ ਨੂੰ ਜਾਰੀ ਕੀਤੀ ਗਈ ਹੈ ਅਤੇ ਇਸ ਪੱਤਰ ਦੇ ਲੜੀ ਨੰ.9 ਅਨੁਸਾਰ ਜਾਰੀ ਕੀਤੀ 25% ਰਾਸ਼ੀ ਦੇ ਵਰਤੋਂ ਸਰਟੀਫਿਕੇਟ ਭੇਜਣ ਉਪਰੰਤ ਬਾਕੀ ਰਹਿੰਦੀ ਰਾਸ਼ੀ ਜਾਰੀ ਕੀਤੀ ਜਾਵੇਗੀ।ਉਪਰੋਕਤ ਕੰਮਾਂ ਦੀ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਪ੍ਰਸਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।
</td>
<td></td>
</tr>
<tr>
<td>14</td>
<td>552</td>
<td>10.09.19</td>
<td>
ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><th>ਲੜੀ ਨੰ.</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ</th></tr>
<tr><td>1</td><td>ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਬੀ.ਸੀ.ਆਨ ਰੋਡ 3/5 ਲਾਇਟਸ ਟੂ ਨਿਊ ਬੱਸ ਸਟੈਡ ਐਂਡ ਸਰਵਿਸ ਰੋਡ ਕੁੰਬੜਾ ਚੌਕ ਟੂ ਵਾਈ.ਪੀ.ਐਸ.ਚੌਕ</td><td>3.84 ਕਰੋੜ</td></tr>
<tr><td>2</td><td>ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਬੀ.ਸੀ.ਆਨ ਫੇਜ਼-10/11 ਡਿਵਾਈਡਿੰਗ ਰੋਡ,ਐਮ.ਸੀ.ਐਸ.ਏ.ਐਸ.ਨਗਰ</td><td>1.31 ਕਰੋੜ</td></tr>
<tr><td>3</td><td>ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ ਐਂਡ ਲੇਇੰਗ ਆਫ ਬੀਚੂਮਨ ਕੰਕਰੀਟ ਆਨ ਰੋਡ ਦਾਰਾ ਸਟਡਿਊ ਟੂ ਮੋਹਾਲੀ ਵਿਲੇਜ਼ ਮਾਰਕੀਟ</td><td>52.25 ਲੱਖ</td></tr>
<tr><td>4</td><td>ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਬੀਚੂਮਨ ਕੰਕਰੀਟ ਆਨ ਡਿਫਰੈਂਟ ਰੋਡਜ਼ ਆਫ ਇੰਡ.ਏਰੀਆ ਫੇਜ਼-1,5 ਐਂਡ ਇੰਡ.ਏਰੀਆ ਫੇਜ਼-8,ਐਮ.ਸੀ.ਐਸ.ਏ.ਐਸ.ਨਗਰ।</td><td>35.39 ਲੱਖ</td></tr>
</table>
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

<table>
<tr><td></td><td></td><td></td><td><table>
<tr><td>5</td><td>ਰਫ ਕਾਸਟ ਐਸਟੀਮੇਟ ਫਾਰ ਬਿਊਟੀਫਿਕੇਸ਼ਨ ਐਂਡ ਅਪਗਰੇਡੇਸ਼ਨ ਆਫ ਰੋਡ ਫਰਾਮ ਚੰਡੀਗੜ੍ਹ ਐਂਟਰੀ ਟੂ ਆਈਸ਼ਰ ਐਮ.ਸੀ.ਐਸ.ਏ. ਐਸ.ਨਗਰ</td><td>48.71 ਲੱਖ</td></tr>
<tr><td>6</td><td>ਰਫ ਕਾਸਟ ਐਸਟੀਮੇਟ ਫਾਰ ਲੇਇੰਗ ਆਫ ਐਸਡੀਬੀਸੀ ਫਾਰ ਰੀਕਾਰਪੈਟਿੰਗ ਆਫ ਵੈਰੀਅਸ ਰੋਡਜ਼ ਆਫ ਸੈਕਟਰ-71</td><td>49.50 ਲੱਖ</td></tr>
<tr><td>7</td><td>ਕੰਨਸ.ਆਫ ਸਾਈਕਲ ਟਰੈਕ ਐਂਡ ਲੇਇੰਗ ਆਫ ਬੀ.ਸੀ ਆਨ ਰੋਡ ਫਰਾਮ 3ਏ ਲਾਈਟ ਟੂ ਮੋਹਾਲੀ ਵਿਲੇਜ਼<br>(ਸਾਈਕਲ ਟਰੈਕ ਦਾ ਨਿਰਮਾਣ ਮਹਿਕਮਾ ਗਮਾਡਾ ਤੋਂ ਪ੍ਰਵਾਨਗੀ ਲੈਣ ਅਤੇ ਜੇਕਰ ਇਸ ਕੰਮ ਦੇ ਰਸਤੇ ਵਿੱਚ ਕੋਈ ਦਰੱਖਤ ਆਉਦਾ ਹੈ ਤਾਂ ਸਬੰਧਤ ਵਿਭਾਗ ਤੋਂ ਇਸਦੀ ਕਟਾਈ ਸਬੰਧੀ ਲੋੜੀਂਦੀ ਪ੍ਰਵਾਨਗੀ ਲੈਣ ਉਪਰੰਤ ਹੀ ਕਰਵਾਇਆ ਜਾਵੇਗਾ।)</td><td>2.62 ਕਰੋੜ</td></tr>
</table></td><td></td></tr>
<tr><td>15</td><td>553</td><td>10.09.19</td><td><u>ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 338 ਅਨੁਸਾਰ ਆਰਜ਼ੀ ਤੌਰ ਤੇ ਲਗਾਈਆ ਜਾਣ ਵਾਲੀਆ ਦੁਕਾਨਾਂ ਆਦਿ ਦੀ ਫੀਸ਼ ਨਿਰਧਾਰਤ ਕਰਨ ਸਬੰਧੀ।</u><br>ਰਿਪੋਰਟ ਸੁਪਰਡੈਂਟ (ਤਹਿਬਜ਼ਾਰੀ) ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 338 ਅਨੁਸਾਰ ਕਮਿਸ਼ਨਰ ਜੀ ਵੱਲੋਂ ਕਾਰਪੋਰੇਸ਼ਨ (ਹਾਊਸ) ਦੀ ਪ੍ਰਵਾਨਗੀ ਉਪਰੰਤ ਦੁਕਾਨਾ ਆਦਿ ਦਾ ਕਿਰਾਇਆ ਅਤੇ ਫੀਸ਼ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਜਾ ਸਕਦੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਹਰ ਸਾਲ ਭਾਰਤ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਤੇ ਜਿਵ੍ਹੇ ਕਿ ਕਰਵਾ ਚੌਥ, ਦੁਸਹਿਰਾ, ਦਿਵਾਲੀ, ਰੱਖੜੀ ਆਦਿ ਦੇ ਦਿਨਾ ਵਿੱਚ ਅਤੇ ਹੋਰ ਮੌਕਿਆ ਤੇ ਲੋਕਾਂ ਵੱਲੋਂ ਆਰਜ਼ੀ ਤੌਰ ਤੇ ਦੁਕਾਨਾ ਆਦਿ ਲਗਾਈਆ ਜਾਂਦੀਆ ਹਨ। ਜਿਸ ਦੀ ਪ੍ਰਮਿਸ਼ਨ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੀ ਫੀਸ਼ 5/- ਪ੍ਰਤੀ ਵਰਗ ਫੁੱਟ ਪ੍ਰਤੀ ਦਿਨ ਲੈਣ ਉਪਰੰਤ ਦਿੱਤੀ ਜਾਂਦੀ ਹੈ। ਇਹ ਫੀਸ਼ ਨਗਰ ਕੌਸਲ ਦੇ ਮਤਾ ਨੰ.14 ਮਿਤੀ 31/10/2001 ਰਾਂਹੀ ਨਿਰਧਾਰਤ ਕੀਤੀ ਗਈ ਸੀ।ਇਹ ਰੇਟ ਕਾਫੀ ਘੱਟ ਹਨ ਅਤੇ ਕਾਫੀ ਸਮੇਂ ਤੋ ਚਲੇ ਆ ਰਹੇ ਹਨ। ਕਮਿਸ਼ਨਰ, ਨਗਰ ਨਿਗਮ ਜੀ ਨੇ ਚਾਹਿਆ ਹੈ ਕਿ ਜੇਕਰ ਭਵਿੱਖ ਵਿੱਚ ਕੱਟੀ ਜਾਣ ਵਾਲੀ ਫੀਸ਼ 5/- ਪ੍ਰਤੀ ਪ੍ਰਤੀ ਵਰਗ ਫੁੱਟ ਪ੍ਰਤੀ ਦਿਨ ਤੋਂ ਵਧਾ ਕੇ ਫੀਸ਼ 20/- ਰੁਪਏ ਪ੍ਰਤੀ ਵਰਗ ਫੁੱਟ ਪ੍ਰਤੀ ਦਿਨ ਕੀਤੀ ਜਾਵੇ ਤਾ ਇਸ ਨਾਲ ਨਗਰ ਨਿਗਮ ਨੂੰ ਕਾਫੀ ਵਿੱਤੀ ਲਾਭ ਹੋਵੇਗਾ। ਸੋ ਆਰਜ਼ੀ ਪ੍ਰਮਿਸ਼ਨ ਦੀ ਫੀਸ਼ 5/- ਰੁਪਏ ਪ੍ਰਤੀ ਸੁਕੇਅਰ ਫੁੱਟ ਪ੍ਰਤੀ ਦਿਨ ਤੋਂ ਵਧਾ ਕੇ 20/- ਰੁਪਏ ਪ੍ਰਤੀ ਸੁਕੇਅਰ ਫੁੱਟ ਪ੍ਰਤੀ ਦਿਨ ਕਰਨ ਲਈ ਕੇਸ ਕਮਿਸ਼ਨਰ,ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।</td><td>ਇਸ ਤਜਵੀਜ਼ ਵਿੱਚ ਦਰਜ਼ ਫੀਸ਼ 5/- ਰੁਪਏ ਤੋਂ ਵਧਾ ਕੇ 10/- ਰੁਪਏ ਪ੍ਰਤੀ ਵਰਗ ਫੁੱਟ ਪ੍ਰਤੀ ਦਿਨ ਸਰਬ ਸੰਮਤੀ ਨਾਲ ਪ੍ਰਵਾਨ ਕੀਤੀ ਜਾਂਦੀ ਹੈ।</td></tr>
<tr><td>16</td><td>554</td><td>10.09.19</td><td><u>ਨਗਰ ਨਿਗਮ ਦੀਆਂ ਦੋ ਫਿਊਨਰਲ ਵੈਨਾ ਕੰਡਮ ਘੋਸ਼ਿਤ ਕਰਨ ਬਾਰੇ।</u><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ ਦੀਆਂ 2 ਟਿਊਨਰਲ ਵੈਨਾਂ ਜੋ ਕਿ ਸ਼ਮਸ਼ਾਨ ਘਾਟ ਵਿਖੇ ਖੜੀਆਂ ਹਨ। ਸਬੰਧਤ ਡਰਾਈਵਰਾਂ ਦੀ ਰਿਪੋਰਟ ਅਨੁਸਾਰ ਇਹ ਗੱਡੀਆ ਲੱਗਭੱਗ 20 ਸਾਲ ਤੋਂ ਵੱਧ ਪੁਰਾਣੀਆ ਹਨ ਅਤੇ ਬਿਲਕੁਲ ਹੀ ਨਕਾਰਾ ਹੋ ਚੁੱਕੀਆ ਹਨ। ਜਿਹਨਾਂ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br>1. ਫਿਊਨਰਲ ਵੈਨ ਨੰ. CH-01-E-7813 TATA 807</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | 2. ਫਿਊਨਰਲ ਵੈਨ ਨੰ. CH-01-E-7815 TATA 807<br>ਗੱਡੀਆ ਨੂੰ ਕੰਡਮ ਘੋਸ਼ਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਇੱਕ ਮੋਟਰ ਵਹੀਕਲ ਬੋਰਡ ਬਣਾਇਆ ਗਿਆ ਹੈ। ਇਸ ਬੋਰਡ ਵੱਲੋਂ ਜਾਰੀ ਸ਼ਰਤਾ ਵਿੱਚ ਕਲਾਜ਼ ਨੰ.4 ਦੇ ਅਨੁਸਾਰ ਜਿਲ੍ਹੇ ਦੇ ਮਾਨਯੋਗ ਡਿਪਟੀ ਕਮਿਸ਼ਨਰ ਜੀ ਗੱਡੀਆ ਨੂੰ ਕੰਡਮ ਘੋਸ਼ਿਤ ਕਰਨ ਸਬੰਧੀ ਸਮਰੱਥ ਅਥਾਰਟੀ ਹਨ।ਸੋ ਇਸ ਸਬੰਧੀ ਅਗਲੇਰੀ ਕਾਰਵਾਈ ਕਰਨ ਲਈ ਰਿਪੋਰਟ ਹਾਊਸ ਦੀ ਪ੍ਰਵਾਨਗੀ ਅਤੇ ਜਾਣਕਾਰੀ ਹਿੱਤ ਪੇਸ਼ ਹੈ। | |
| 17 | 555 | 10.09.19 | **ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਮਿਤੀ 20.11.2015 ਤੋਂ 20.08.2019 ਤੱਕ ਵਿੱਤ ਅਤੇ ਠੇਕਾ ਕਮੇਟੀ ਦੀਆਂ ਕੀਤੀਆਂ ਗਈਆਂ ਕੁਲ 29 ਮੀਟਿੰਗਾਂ ਦੀ ਜਾਣਕਾਰੀ ਦੇਣ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਮਿਊਂਸਪਲ ਕਾਰਪੋਰੇਸ਼ਨ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਸਧਾਰਨ ਮੀਟਿੰਗ ਮਿਤੀ 18.09.2015 ਨੂੰ ਮਾਨਯੋਗ ਮੇਅਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੀ, ਜਿਸ ਵਿੱਚ ਵੱਖ-ਵੱਖ ਮਿਊਂਸਪਲ ਕੌਸਲਰਜ ਹਾਜਰ ਸਨ।ਇਸ ਸਧਾਰਨ ਮੀਟਿੰਗ 18.09.2015 ਵਿੱਚ ਮਤਾ ਨੰ: 52 ਤਹਿਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਸੀ :-<br>**"ਵਿੱਤ ਅਤੇ ਠੇਕਾ ਕਮੇਟੀ/ ਐਕਟ ਮੁਤਾਬਿਕ/ ਸਰਕਾਰ ਜਾਂ ਮਾਨਯੋਗ ਕੋਰਟ ਵੱਲੋਂ ਪਹਿਲੇ ਸਮੇਂ ਜਾਂ ਆਉਣ ਵਾਲੇ ਸਮੇਂ ਵਿੱਚ ਦਿੱਤੀਆਂ ਹਦਾਇਤਾਂ ਮੁਤਾਬਿਕ ਜਾਂ ਐਡਵਾਈਜਰੀ ਕਮੇਟੀਆਂ ਜਾਂ ਕੋਈ ਹੋਰ ਕਮੇਟੀਆਂ ਗਠਿਤ ਦੇ ਸਾਰੇ ਅਧਿਕਾਰ ਬਹੁ ਸੰਮਤੀ ਨਾਲ ਮੇਅਰ, ਨਗਰ ਨਿਗਮ ਨੂੰ ਦਿੱਤੇ ਗਏ।ਇਸ ਤੋਂ ਇਲਾਵਾ ਐਫ.ਐਂਡ ਸੀ.ਸੀ. ਨੂੰ 15 ਲੱਖ ਤੱਕ ਖਰਚਾ ਕਰਨ ਦੇ ਅਧਿਕਾਰ ਵੀ ਬਹੁ ਸੰਮਤੀ ਨਾਲ ਦਿੱਤੇ ਗਏ।"**<br>ਇਹ ਮਤਾ ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਿਭਾਗ, ਪੰਜਾਬ ਨੂੰ ਜਾਣਕਾਰੀ ਅਤੇ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਇਸ ਮਤੇ (ਮਤਾ ਨੰ: 52) ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-15/46263 ਮਿਤੀ 03.11.2015 ਰਾਹੀਂ ਹੇਠ ਲਿਖੇ ਅਨੁਸਾਰ ਫੈਸਲਾ ਦਿੱਤਾ ਗਿਆ ਕਿ :-<br>**"ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।"**<br>ਇਸ ਉਪਰੰਤ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਮਿਤੀ 20.11.2015 ਤੋਂ 20.08.2019 ਤੱਕ ਵਿੱਤ ਅਤੇ ਠੇਕਾ ਕਮੇਟੀ ਦੀਆਂ ਕੁਲ 29 ਮੀਟਿੰਗਾਂ ਕੀਤੀਆਂ ਗਈਆਂ ਹਨ, ਜਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| ਲੜੀ ਨੰਬਰ | ਮੀਟਿੰਗ ਦੀ ਮਿਤੀ | ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰਬਰ |
|---|---|---|
| 1 | 22.11.2015 | 1-69 |
| 2 | 24.12.2015 | 70-72 |
| 3 | 11.02.2016 | 73-88 |
| 4 | 29.02.2016 | 89-150 |
| 5 | 21.03.2016 | 151-171 |
| 6 | 31.03.2016 | 172-199 |
| 7 | 07.06.2016 | 200-242 |

<table>
<tr><td></td><td></td><td></td><td>
<table>
<tr><td>8</td><td>14.09.2016</td><td>243-279</td></tr>
<tr><td>9</td><td>28.10.2016</td><td>280-406</td></tr>
<tr><td>10</td><td>14.12.2016</td><td>407-475</td></tr>
<tr><td>11</td><td>19.05.2017</td><td>476-556</td></tr>
<tr><td>12</td><td>08.06.2017</td><td>557-573</td></tr>
<tr><td>13</td><td>25.07.2017</td><td>574-584</td></tr>
<tr><td>14</td><td>17.10.2017</td><td>585-631</td></tr>
<tr><td>15</td><td>15.11.2017</td><td>632-654</td></tr>
<tr><td>16</td><td>22.12.2017</td><td>655-675</td></tr>
<tr><td>17</td><td>19.02.2018</td><td>676-830</td></tr>
<tr><td>18</td><td>03.04.2018</td><td>831-966</td></tr>
<tr><td>19</td><td>17.04.2018</td><td>967-977</td></tr>
<tr><td>20</td><td>24.05.2018</td><td>978-1016</td></tr>
<tr><td>21</td><td>27.07.2018</td><td>1017-1092</td></tr>
<tr><td>22</td><td>13.08.2018</td><td>1093-1105</td></tr>
<tr><td>23</td><td>31.10.2018</td><td>1106-1212</td></tr>
<tr><td>24</td><td>03.12.2018</td><td>1213-1271</td></tr>
<tr><td>25</td><td>01.02.2019</td><td>1272-1353</td></tr>
<tr><td>26</td><td>22.02.2019</td><td>1354-1427</td></tr>
<tr><td>27</td><td>08.03.2019</td><td>1428-1463</td></tr>
<tr><td>28</td><td>29.07.2019</td><td>1464-1561</td></tr>
<tr><td>29</td><td>20.08.2019</td><td>1562-1674</td></tr>
</table>
<br>ਉਕਤ ਡਿਟੇਲ ਹਾਊਸ ਦੀ ਜਾਣਕਾਰੀ/ਪ੍ਰਵਾਨਗੀ ਕਰਨ ਹਿੱਤ ਪੇਸ਼ ਹੈ।</td><td></td></tr>
<tr><td>18</td><td>556</td><td>10.09.19</td><td>ਹੇਠ ਲਿਖੀਆਂ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ:-<br>ਆਰਬਿਟਰੇਸ਼ਨ ਕੇਸ ਅਵਤਾਰ ਸਿੰਘ ਵਾਲੀਆ ਬਨਾਮ ਨਗਰ ਨਿਗਮ, ਐਸ.ਏ.ਐਸ.ਨਗਰ ਵਿੱਚ ਨਗਰ ਨਿਗਮ ਵੱਲੋਂ ਆਰਬਿਟਰੇਸ਼ਨ ਸ੍ਰੀ ਐਮ.ਐਮ.ਐਸ.ਬੇਦੀ ਨੂੰ ਉਨ੍ਹਾਂ ਦੀ ਫੀਸ ਦੀ ਰਕਮ 2,13,275/-ਰੁਪਏ ਅਤੇ ਆਰਬਿਟਰੇਸ਼ਨ ਸੈਂਟਰ ਚਾਰਜਿਜ ਵਜੋਂ 17,500/-ਰੁਪਏ ਅਦਾ ਕਰਨ ਬਾਰੇ।<br><br>ਰਿਪੋਰਟ ਕਾਨੂੰਨੀ ਸਹਾਇਕ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹੁਕਮ ਮਿਤੀ 10.05.2019 ਰਾਹੀਂ ਸ੍ਰੀ ਐਮ.ਐਮ.ਐਸ.ਬੇਦੀ (ਰਿਟਾਇਰਡ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ) ਨੂੰ ਵਿਸ਼ੇ</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਅਧੀਨ ਕੇਸ ਵਿੱਚ ਆਰਬਿਟਰੇਟਰ ਨਿਯੁਕਤ ਕੀਤਾ ਗਿਆ ਹੈ। ਇਹ ਕੇਸ ਨਗਰ ਨਿਗਮ ਅਤੇ ਠੇਕੇਦਾਰ ਅਵਤਾਰ ਸਿੰਘ ਵਾਲੀਆ ਵਿਚਾਲੇ ਚੁੰਗੀ ਇਕੱਤਰ ਕਰਨ ਸਬੰਧੀ ਇਕਰਾਰਨਾਮਾ ਮਿਤੀ 31.07.1998 ਅਧੀਨ ਉਪਜੇ ਝਗੜੇ ਨਾਲ ਸਬੰਧਤ ਹੈ। ਇਸ ਆਰਬਿਟਰੇਸ਼ਨ ਵਿੱਚ ਮਿਤੀ 17.08.2019 ਰਾਹੀਂ ਨਗਰ ਨਿਗਮ ਨੂੰ 2,13,275/-ਰੁਪਏ ਆਰਬਿਟਰੇਟਰ ਫੀਸ ਵਜੋਂ RTGS ਰਾਹੀਂ ਖਾਤਾ ਨੰ: 55024548281, IFSC Code: SBIN0050306, State Bank of India, High Court Branch, Chandigarh ਵਿੱਚ ਅਤੇ 17,5000/-ਰੁਪਏ ਆਰਬਿਟਰੇਸ਼ਨ ਸੈਂਟਰ ਚਾਰਜਿਜ ਵਜੋਂ ਚੈਕ ਰਾਹੀਂ ਰਜਿਸਟਰਾਰ ਜਨਰਲ, ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੂੰ ਅਦਾ ਕਰਨ ਲਈ ਕਿਹਾ ਗਿਆ ਹੈ। ਆਰਬਿਟਰੇਟਰ ਦੀ ਫੀਸ ਅਤੇ ਠੇਕੇਦਾਰ ਦੇ ਕਲੇਮ (disputed amount) 1,03,74,124/-ਰੁਪਏ ਦੇ ਅਧਾਰ ਤੇ ਤੈਅ ਕੀਤੀ ਗਈ ਹੈ। ਇਸ ਕੇਸ ਦੀ ਅਗਲੀ ਸੁਣਵਾਈ ਮਿਤੀ 25.09.2019 ਨੂੰ ਦੁਪਹਿਰ 3:00 ਵਜੇ ਹੋਣੀ ਹੈ ਅਤੇ ਜਵਾਬਦਾਵਾ ਦਾਇਰ ਕਰਨ ਲਈ ਆਰਬਿਟਰੇਟਰ ਵੱਲੋਂ ਨਗਰ ਨਿਗਮ ਨੂੰ ਮਿਤੀ 14.09.2019 ਤੱਕ ਦਾ ਸਮਾਂ ਦਿੱਤਾ ਗਿਆ ਹੈ।<br>ਇਸ ਲਈ ਆਰਬਿਟਰੇਟਰ ਸ੍ਰੀ ਐਮ.ਐਮ.ਐਸ.ਬੇਦੀ ਨੂੰ ਉਨ੍ਹਾਂ ਦੀ ਫੀਸ ਦੀ ਰਕਮ 2,13,275/-ਰੁਪਏ ਅਤੇ 17,500/-ਰੁਪਏ ਆਰਬਿਟਰੇਸ਼ਨ ਸੈਂਟਰ ਚਾਰਜਿਜ ਉਕਤ ਅਨੁਸਾਰ ਅਦਾ ਕਰਨ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | |
| 19 | 557 | 10.09.19 | **ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਨੂੰ ਗਾਰਬੇਜ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਸੈਨੀਟੇਸ਼ਨ ਸ਼ਾਖਾ ਦੀ ਰਿਪੋਰਟ ਅਨੁਸਾਰ ਮੋਹਾਲੀ ਸ਼ਹਿਰ ਨੂੰ ਗਾਰਬੇਜ ਫਰੀ ਸਿਟੀ 2 ਸਟਾਰ ਘੋਸ਼ਿਤ ਕਰਨ ਲਈ ਮਾਪਦੰਡਾਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਪ੍ਰਵਾਨਗੀ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਦੇ ਮਤਾ ਨੰ: 471 ਮਿਤੀ 01.02.2019 ਰਾਹੀਂ ਲਈ ਗਈ ਸੀ। ਹੁਣ ਗਾਰਬੇਜ ਫਰੀ ਸਿਟੀ 3 ਸਟਾਰ ਘੋਸ਼ਿਤ ਕਰਨ ਲਈ ਮਨਿਸਟਰੀ ਆਫ ਹਾਊਸਿੰਗ ਐਂਡ ਅਰਬਨ ਅਫੇਅਰਜ, ਭਾਰਤ ਸਰਕਾਰ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਨਗਰ ਨਿਗਮ ਵੱਲੋਂ ਮਾਪਦੰਡ 100% ਨਿਰਧਾਰਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਜਿਸ ਵਿੱਚੋਂ 52% ਮਾਪਦੰਡ ਨਗਰ ਨਿਗਮ ਵੱਲੋਂ ਨਿਰਧਾਰਤ ਕਰ ਲਏ ਗਏ ਹਨ। ਹੁਣ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵੱਲੋਂ ਉਚਿਤ ਕਾਰਵਾਈ ਕਰਦੇ ਹੋਏ ਸੋਲਡ ਵੇਸਟ ਮੈਨੇਜਮੈਂਟ ਰੂਲ 2016 ਅਨੁਸਾਰ ਗਾਰਬੇਜ ਨੂੰ ਡੋਰ-ਟੂ-ਡੋਰ ਕਲੈਕਸ਼ਨ ਕਰਨਾ, ਵੇਸਟ ਪ੍ਰੋਸੈਸਿੰਗ ਕਰਨਾ, ਬਲਕ ਵੇਸਟ ਜੈਨਰੇਟਰਾਂ ਦਾ ਆਪਣੇ ਅਦਾਰੇ ਦੇ ਅੰਦਰ ਹੀ ਕੂੜੇ ਦਾ ਨਿਪਟਾਰਾ ਕਰਨਾ, ਡੋਰ-ਟੂ-ਡੋਰ ਵਾਰਡ ਲੈਵਲ ਸੈਗਰੀਗੇਸ਼ਨ ਐਟ ਸੋਰਸ, ਪਬਲਿਕ ਅਤੇ ਕਮਰਸ਼ੀਅਲ ਏਰੀਏ ਦੀ ਸਫਾਈ ਕਰਨਾ, ਸ਼ਹਿਰ ਵਿੱਚ 50 ਤੋਂ 100 ਮੀਟਰ ਦੇ ਘੇਰੇ ਵਿੱਚ ਲਿਟਰ ਬਿਨਜ ਲਗਾਉਣੇ, ਯੂਜਰ ਫੀਸ ਚਾਰਜਿਜ, ਪਲਾਸਟਿਕ ਬੈਨ, ਪੈਨਲਟੀ/ ਸਪੋਟ ਫਾਈਨ, ਸੀ.ਐਂਡ ਡੀ. ਵੇਸਟ ਫੈਸੀਲਿਟੀ ਅਤੇ ਗਿੱਲੇ ਕੂੜੇ ਦੀ ਕੰਪੋਸਟਿੰਗ ਕਰਨਾ ਆਦਿ ਕਰਕੇ ਸੈਗਰੀਗੇਸ਼ਨ ਐਟ ਸੋਰਸ ਦਾ ਮਾਪਦੰਡ ਨਿਰਧਾਰਤ ਕਰ ਲਿਆ ਹੈ।<br>ਉਕਤ ਨੂੰ ਮੁੱਖ ਰੱਖਦੇ ਹੋਏ ਗਾਰਬੇਜ ਫਰੀ ਸਿਟੀ 3 ਘੋਸ਼ਿਤ ਕਰਨ ਅਤੇ ਪਬਲਿਕ ਪਾਸੋਂ ਇਤਰਾਜ ਲੈਣ ਸਬੰਧੀ ਅਖਬਾਰ ਵਿੱਚ 15 ਦਿਨਾਂ ਦਾ ਪਬਲਿਕ ਨੋਟਿਸ ਦੇਣ ਦੀ ਪ੍ਰਵਾਨਗੀ ਲੈਣ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 20 | 558 | 10.09.19 | **<u>ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨਲਾਈਨੈਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਨੋਟੀਫਾਈ ਕਰਨ ਸਬੰਧੀ।</u>**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੇ ਸੈਕਸ਼ਨ 399 (2) ਅਤੇ ਸੋਡਲ ਵੇਸਟ ਮੈਨੇਜਮੈਂਟ ਰੂਲਜ 2016 ਦੇ ਰੂਲਜ 15 (E) ਅਤੇ 15 (Z) ਦੇ ਮੱਦੇ ਨਜਰ ਸਥਾਨਕ ਸਰਕਾਰ ਵਿਭਾਗ ਵੱਲੋਂ ਡਰਾਫਟ ਸੋਲਡ ਵੇਸਟ ਮੈਨੇਜਮੈਂਟ ਰੂਲਜ 2016 ਤਿਆਰ ਕਰਕੇ ਭੇਜੇ ਗਏ ਹਨ। ਇਹ ਰੂਲਜ ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਸੋਲਿਡ ਵੇਸਟ ਮੈਨਜਮੈਂਟ ਐਂਡ ਕਲੀਨਲਾਈਨੈਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਤੌਰ ਤੇ ਨੋਟੀਫਾਈ ਕੀਤੇ ਜਾਣੇ ਹਨ।<br>ਉਕਤ ਅਨੁਸਾਰ ਇਹਨਾਂ ਬਾਇਲਾਜ ਵਿੱਚ ਯੂਜਰ ਚਾਰਜਿਜ ਦੇ ਰੇਟ ਅਤੇ ਪੈਨਲਟੀ ਕਲਾਜ ਸਰਕਾਰ ਵੱਲੋਂ ਨਿਰਧਾਰਤ ਕਰਕੇ ਭੇਜੇ ਗਏ ਹਨ। ਨੋਟੀਫਿਕੇਸ਼ਨ ਨੰ: 1369 ਮਿਤੀ 3 ਜੂਨ,2019 ਮੁਤਾਬਿਕ ਨਗਰ ਨਿਗਮ ਵੱਲੋਂ ਪਹਿਲਾਂ ਨਿਰਧਾਰਤ ਕੀਤੇ ਯੂਜਰ ਚਾਰਜਿਜ ਨੂੰ ਸੋਲਿਡ ਵੇਸਟ ਮੈਨਜਮੈਂਟ ਐਂਡ ਕਲੀਨਲਾਈਨੈਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਵਿੱਚ ਵਿਚਾਰਨ ਹਿੱਤ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 21 | 559 | 10.09.19 | ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖਿਆ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸੜਕ ਗਮਾਡਾ ਵੱਲੋਂ ਮਾਰਚ 2016 ਵਿੱਚ ਪ੍ਰੀਮਿਕਸ ਪਾਈ ਗਈ ਸੀ, ਇਸਦਾ ਸਮਾ ਅਜੇ ਡਿਊ ਨਹੀ ਹੈ। ਪਰ ਕਮਿਸ਼ਨਰ,ਨਗਰ ਨਿਗਮ ਜੀ ਦੇ ਆਦੇਸ਼ਾ ਅਨੁਸਾਰ ਦਸੰਬਰ 2019 ਵਿੱਚ ਹੋਣ ਵਾਲੇ ਪੰਜਾਬ ਪ੍ਰੋਗਰੈਸਿਵ ਸਮਿੱਟ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਤਖਮੀਨਾ ਤਿਆਰ ਕੀਤਾ ਗਿਆ ਹੈ, ਜੋ ਕਿ ਹਾਊਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ:-<br>1) ਲੇਇੰਗ 40ਐਮਐਮ ਥਿੱਕ ਬੀਸੀ ਰੋਡ ਫਰਾਮ ਸੈਕਟਰ 48 ਸੀ ਐਮ.ਸੀ.ਲਿਮਟ ਟੂ ਬਾਵਾ ਵਾਈਟ ਹਾਊਸ ਲਾਇਟਸ, ਮੋਹਾਲੀ। 2.36 ਕਰੋੜ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

ਸਹੀ/
ਮੇਅਰ
ਨਗਰ ਨਿਗਮ,
ਐਸ.ਏ.ਐਸ ਨਗਰ